# ਪੰਜਵੇਂ ਨਾਨਕ

(ਗੁਰੂ ਅਰਜਨ ਦੇਵ ਜੀ)

ਸ੍ਰੀ ਹੇਮਕੁੰਟ ਫ਼ਾਉਂਡੇਸ਼ਨ ਦੇ ਸ਼ਰਧਾਲੂ
ਸੇਵਾਦਾਰਾਂ ਵਲੋਂ

.......................................................................

...................

# ਤਤਕਰਾ


| # | ਸਿਰਲੇਖ | ਪੰਨਾ |
|---|---|---|
| ੧ | ਆਰੰਭਕ ਸਿਖਿਆ ਅਤੇ ਮੁਢਲਾ ਜੀਵਨ | ੩ |
| ੨ | ਆਗਿਆ ਪਾਲਣ ਵਿੱਚ ਸਿਖਲਾਈ | ੫ |
| ੩ | ਅਰਜਨ ਦੇਵ ਜੀ ਪੰਜਵੇਂ ਨਾਨਕ ਬਣੇ | ੬ |
| ੪ | ਭੱਟਾਂ ਦੇ ਗਾਏ ਸਵਯੀਐ | ੮ |
| ੫ | ਸੱਤਾ ਬਲਵੰਡ ਦੇ ਹੰਕਾਰ ਅਤੇ ਲਾਲਸਾ | ੯ |
| ੬ | ਹਰਿਮੰਦਰ ਸਾਹਿਬ | ੧੧ |
| ੭ | ਗੁਰੁ ਅਰਜਨ ਸਾਹਿਬ ਜੀ ਦੀ ਸ਼ਾਦੀ | ੧੩ |
| ੮ | ਭਾਈ ਮੰਝ | ੧੪ |
| ੯ | ਪਾਵਨ ਪੁਸਤਕਾਂ ਦਾ ਸਿਰਫ ਪੜ੍ਹਨਾ ਹੀ ਸਹਾਇਕ ਨਹੀ ਹੁੰਦਾ | ੧੫ |
| ੧੦ | ਬੀਮਾਰੀਆ ਦਾ ਇਲਾਜ ਦਵਾਈਆ ਨਾਲ ਕਰੋ | ੧੬ |
| ੧੧ | ਸਿੱਖ ਗੁਰੂਆਂ ਦੀ ਪ੍ਰਸਿੱਧਤਾ | ੧੭ |
| ੧੨ | ਆਦਿ ਗ੍ਰੰਥ ਸਾਹਿਬ | ੧੮ |
| ੧੩ | ਜਹਾਂਗੀਰ ਨੇ ਗੁਰੁ ਅਰਜਨ ਨੂੰ ਗ੍ਰਿਫ਼ਤਾਰ ਕੀਤਾ | ੨੦ |
| ੧੪ | ਸ਼ਹੀਦੀ | ੨੨ |
| ੧੫ | ਪੰਜਵੇ ਨਾਨਕ ਦੇ ਜੀਵਨ ਦੇ ਵਿਸ਼ੇਸ ਪੱਖ | ੨੪ |
| ੧੬ | ੧੫੬੩-੧੬੦੭ ਵਿਚਾਲੇ ਦੀਆਂ ਸੰਸਾਰ ਪੱਧਰ ਤੇ ਘਟਨਾਵਾਂ | ੨੬ |
| ੧੭ | ਹਵਾਲੇ | ੨੬ |

## ੧. ਆਰੰਭਕ ਸਿਖਿਆ ਅਤੇ ਮੁੱਢਲਾ ਜੀਵਨ

੧੫੬੩ ਅਧ: ਸਿੱਖਾਂ ਦੇ ਪੰਜਵੇਂ ਗੁਰੁ, (ਗੁਰੁ) ਅਰਜਨ ਦੇਵ ਜੀ ਦਾ ਜਨਮ ੧੫ ਅਪ੍ਰੈਲ, ੧੫੬੩ ਨੂੰ ਗੋਇੰਦਵਾਲ, ਜ਼ਿਲਾ ਅਮ੍ਰਿਤਸਰ ਵਿਚ ਹੋਇਆ। ਉਹ ਚੌਥੇ ਗੁਰੁ ਨਾਨਕ, ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਤਿੰਨ ਪੁੱਤਰਾਂ ਵਿਚੋਂ ਸਭ ਤੋਂ ਛੋਟੇ ਪੁੱਤਰ ਸਨ। (ਇਸ ਸਮੇਂ ਗੁਰੂ ਰਾਮਦਾਸ ਜੀ ਦਾ ਨਾਂ ਭਾਈ ਜੇਠਾ ਸੀ ਕਿਉਂਕਿ ਉਹਨਾਂ ਨੇ ਹਾਲੇ ਗੁਰ੍ਹ ਪਦਵੀ ਧਾਰਣ ਨਹੀਂ ਕੀਤੀ ਸੀ)। ਬੀਬੀ ਭਾਨੀ ਜੀ ਤੀਜੇ ਨਾਨਕ ਗੁਰ੍ਹ ਅਮਰਦਾਸ ਜੀ ਦੀ ਛੋਟੀ ਬੇਟੀ ਸੀ। ਸਿੱਖ ਇਤਿਹਾਸ ਵਿਚ ਬੀਬੀ ਭਾਨੀ ਹੀ ਇਕ ਐਸੀ ਮਹਿਲਾ ਸੀ ਜਿਸਨੂੰ ਗੁਰੁ ਦੀ ਪੁੱਤਰੀ, ਗੁਰੁ ਦੀ ਪਤਨੀ ਅਤੇ ਗੁਰੂ ਦੀ ਮਾਂ ਹੋਣ ਦਾ ਮਾਣ ਪ੍ਰਾਪਤ ਹੋਇਆ। ਗੁਰੁ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਆਪਣੀ ਸ਼ਾਦੀ ਤੋਂ ਬਾਅਦ ਵਿਚ ਵੀ ਗੋਇੰਦਵਾਲ ਵਿਖੇ ਗੁਰੂ ਜੀ ਦੀ ਹਜ਼ੂਰੀ ਵਿਚ ਸੇਵਾ ਕਰਦੇ ਰਹੇ। ੇਅਰਜਨ ਦੇਵ ਜੀ ਨੂੰ ਆਪਣੇ ਨਾਨਾ ਜੀ ਕੋਲੋਂ ਪਿਆਰ ਅਤੇ ਸੰਭਾਲ ਦਾ ਮਾਣ ਮਿਲਿਆ ਅਤੇ ਪਾਵਨ ਸ਼ਬਦਾਂ ਦੇ ਉਚਾਰਣ ਦੀ ਸਿਖਿਆ ਵੀ ਪ੍ਰਾਪਤ ਕੀਤੀ।

ਅਰਜਨ ਦੇਵ ਜੀ ਦਾ ਮੁੱਢਲਾ ਜੀਵਨ ਜਨਮ ਤੋਂ ਹੀ ਆਪਣੇ ਨਾਨਾ ਜੀ, ਤੀਜੇ ਗੁਰੂ ਗੁਰੂ ਅਮਰਦਾਸ ਜੀ, ਦੀ ਨਜ਼ਰਸਾਨੀ ਹੇਠ ਬੀਤਿਆ। ਉਹਨਾਂ ਦੇ ਦੋ ਭਰਾ –ਬਾਬਾ ਪਿਰਥੀ ਚੰਦ ਅਤੇ ਬਾਬਾ ਮਹਾਂਦੇਵ – ਵੀ ਗੁਰੂ ਅਮਰਦਾਸ ਜੀ ਦੀ ਛਤਰ-ਛਾਇਆ ਹੇਠ ਵਿਚ ਵੱਡੇ ਹੋਏ। ਫਿਰ ਵੀ, ਤੀਜੇ ਗੁਰੁ ਨਾਨਕ ਜੀ ਦਾ ਆਪਣੇ ਛੋਟੇ ਦੋਹਤੇ ਅਰਜਨ ਦੇਵ ਜੀ ਨਾਲ ਵਿਸ਼ੇਸ਼ ਨੇੜਤਾ ਸੀ। ਖੁਸ਼ਕਿਸਤੀ ਵਜੋਂ, ਅਰਜਨ ਦੇਵ ਜੀ ਦੇ ਜੀਵਨ ਦੇ ਮੁੱਢਲੇ ਸਾਢੇ ੧੧ ਸਾਲ ਤੀਜੇ ਨਾਨਕ ਦੀ ਸੰਗਤ ਵਿਚ ਬੀਤੇ ਅਤੇ ਬਚਪਨ ਦੇ ਉਭਰਵੇਂ ਸਾਲਾਂ ਵਿਚ ਅਧਿਆਤਮਿਕ ਸਿਖਿਆ ਵੀ ਪ੍ਰਾਪਤ ਕੀਤੀ। ਇਕ ਬੱਚੇ ਵਾਸਤੇ ਇਤਨਾ ਸਮਾਂ ਆਪਣੀ ਸ਼ਖ਼ਸੀਅਤ ਦੇ ਵਿਕਾਸ ਕਰਨ ਲਈ ਅਤੇ ਜੀਵਨ ਦੇ ਵਿਸ਼ੇਸ਼ ਪਹਿਲੂਆਂ ਨੂੰ ਉਭਾਰਣ ਲਈ ਕਾਫ਼ੀ ਹੁੰਦਾ ਹੈ; ਇਹ ਪਹਿਲੂ ਗੁਰੂ ਅਰਜਨ ਦੇ ਪੱਖ ਵਿਚ ਗੁਰਬਾਣੀ ਸੀ।

ਗੁਰੂ ਅਮਰਦਾਸ ਜੀ ਨੇ ਅਰਜਨ ਦੇਵ ਜੀ ਦੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿਤਾ। ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਪਾਸੋਂ ਗੁਰਮੁਖੀ ਭਾਸ਼ਾ ਦੀ ਸਿੱਖਿਆ ਪ੍ਰਾਪਤ ਕੀਤੀ। ਉਹਨਾਂ ਦੇ ਮਾਮਾ ਮੋਹਰੀ ਨੇ ਉਹਨਾਂ ਨੂੰ ਗਣਿਤ ਵਿੱਦਿਆ ਦਾ ਗਿਆਨ ਪ੍ਰਦਾਨ ਕੀਤਾ। ਪਿੰਡ ਦੇ ਪੁਜਾਰੀ ਨੇ ਹਿੰਦੀ ਲਿੱਪੀ ਵਿਚ ਦੇਵਨਗਰੀ ਭਾਸ਼ਾ ਦੀ ਸਿੱਖਿਆ ਦਿਤੀ। ਇਕ ਮੁਸਲਮਾਨ ਮੌਲਵੀ ਨੇ ਫ਼ਾਰਸੀ ਪੜ੍ਹਾਈ ਅਤੇ ਪੰਡਤ ਬੇਨੀ ਨੇ ਸੰਸਕ੍ਰਿਤ ਪੜ੍ਹਾਈ। ਰਾਗ ਵਿਦਿਆ ਵਿਚ ਵੀ ਅਰਜਨ ਦੇਵ ਜੀ ਮਾਹਰ ਬਣ ਗਏ ਅਤੇ ਰਾਗਾਂ ਅਨੁਸਾਰ ਗੁਰੂ ਗਰੰਥ ਸਾਹਿਬ ਵਿਚ ਗੁਰਬਾਣੀ ਦੀ ਰਚਨਾ ਕੀਤੀ। ਉਹ ਘੜ੍ਹੋ ਸਵਾਰੀ ਵਿਚ ਅਤੇ ਤੀਰ ਅੰਦਾਜ਼ੀ ਵਿਚ ਵੀ ਇਕ ਸ਼ਾਨਦਾਰ ਮਾਹਰ ਸਨ।

੧੫੭੪ ਈਸਵੀ, ਉਮਰ ੧੧ ਸਾਲ, ਵਿਚ ਅਰਜਨ ਦੇਵ ਜੀ ਦੇ ਪਿਤਾ ਜੀ, ਸ੍ਰੀ ਰਾਮਦਾਸ ਜੀ ਨੂੰ ਗੁਰ-ਗੱਦੀ ਹਾਸਲ ਹੋਣ ਦਾ ਮਾਣ ਪ੍ਰਾਪਤ ਹੋਇਆ ਅਤੇ ਉਹ ਚੌਥੇ ਨਾਨਕ ਬਣ ਗਏ। ਤੀਜੇ ਨਾਨਕ ਗੁਰੂ ਅਮਰਦਾਸ ਜੀ ੧ ਸਤੰਬਰ ਨੂੰ ਜੋਤੀ ਜੋਤ ਸਮਾ ਗਏ।

...................................................................................................

੧. ਗੁਰਗੱਦੀ ਪ੍ਰਾਪਤ ਕਰਨ ਤੋਂ ਪਹਿਲਾਂ ਪੰਜਵੇਂ ਨਾਨਕ ਅਰਜਨ ਦੇਵ ਵਜੋਂ ਜਾਣੇ ਜਾਂਦੇ ਸਨ ਅਤੇ ਬਾਅਦ ਵਿਚ ਗੁਰੁ ਅਰਜਨ ਕਹਿਲਾਏ।

...................................................................................................

# ੨. ਆਗਿਆ ਪਾਲਣ ਵਿਚ ਸਿਖਲਾਈ

੧੫੮੧ ਈਸਵੀ (ਆਯੂ ੧੮ ਸਾਲ): ਗੁਰੁ ਰਾਮਦਾਸ ਜੀ ਦਾ ਚਚੇਰਾ ਭਾਈ ਸਿਹਾਰੀ ਮੱਲ ਆਪਣੇ ਪੁਤੱ ਰ ਦੀ ਸ਼ਾਦੀ ਸਮੇਂ ਗੁਰੂ ਜੀ ਨੂੰ ਲਾਹੌਰ ਵਿਚ ਆਉਣ ਲਈ ਸੱਦਾ ਦੇਣ ਆਇਆ। ਉਸ ਸਮੇਂ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਦੇ ਕੰਮਾਂ ਵਿਚ ਰੁੱਝੇ ਹੋਏ ਸਨ ਅਤੇ ਆਪ ਜੀ ਦੀ ਬਜਾਏ ਆਪਣੇ ਕਿਸੇ ਪੁੱਤਰ ਨੂੰ ਭੇਜਣ ਦਾ ਸੋਚਿਆ ਅਤੇ ਪਿਰਥੀ ਚੰਦ ਨੂੰ ਜਾਣ ਲਈ ਕਿਹਾ। ਪਿਰਥੀ ਚੰਦ ਨੇ ਸੋਚਿਆ ਕਿ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾ ਜਾਣ ਦਾ ਸਮਾਂ ਨੇੜੇ ਹੈ। ਪਿਰਥੀ ਚੰਦ ਨੂੰ ਸ਼ੰਕਾ ਸੀ ਕਿ ਇਸਤਰ੍ਹਾਂ ਉਹ ਜੇ ਲਾਹੌਰ ਚਲਾ ਗਿਆ ਤਾਂ ਸ਼ਾਇਦ ਸਿੱਖਾਂ ਦੀ ਅਗਵਾਈ ਕਰਨ ਲਈ ਉਹ ਗੱਦੀ ਪ੍ਰਾਪਤ ਕਰਨ ਤੋਂ ਰਹਿ ਜਾਵੇ। ਉਸਨੇ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਉਸਦੇ ਜਾਣ ਨਾਲ ਸ਼ਰਧਾਲੂਆਂ ਵਲੋਂ ਆ ਰਹੇ ਚੜ੍ਹਾਵੇ ਦਾ ਪ੍ਰਬੰਧ ਕਰਨ ਵਿਚ ਨੁਕਸਾਨ ਹੋਵੇਗਾ। ਪਿਰਥੀ ਚੰਦ ਵਲੋਂ ਨਾਂਹ ਸੁਣਨ ਤੋਂ ਬਾਅਦ, ਗੁਰੁ ਰਾਮਦਾਸ ਜੀ ਨੇ ਆਪਣੇ ਦੂਜੇ ਪੁੱਤਰ ਮਹਾਂਦੇਵ ਨੂੰ ਪੁਛਿਆ ਜੋ ਕਿ ਸਾਧੂ ਸੁਭਾ ਵਾਲੇ ਸਨ। ਉਸਨੇ ਵੀ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਦੁਨਿਆਵੀ ਰਸਮਾਂ ਰਿਵਾਜਾਂ ਨਾਲ ਉਸਦਾ ਕੋਈ ਸਬੰਧ ਨਹੀਂ ਅਤੇ ਸ਼ਾਦੀ ਸਮੇਂ ਹਾਜ਼ਰ ਹੋਣ ਵਿਚ ਕੋਈ ਦਿਲਚਸਪੀ ਨਹੀਂ। ਦੋਨੋ ਪੁੱਤਰਾਂ ਵਲੋਂ ਇਨਕਾਰ ਸੁਣਨ ਤੋਂ ਬਾਅਦ, ਗੁਰੂ ਰਾਮਦਾਸ ਜੀ ਨੇ ਆਪਣੇ ਤੀਜੇ ਪੁੱਤਰ ਅਰਜਨ ਦੇਵ, ਜੋ ਉਸ ਵੇਲੇ ੧੮ ਸਾਲ ਦੇ ਸਨ, ਤੋਂ ਪੁਛਿਆ ਕਿ ਉਹ ਜੇ ਲਾਹੌਰ ਜਾ ਸਕਣ। ਅਰਜਨ ਦੇਵ ਜੀ ਨੇ ਬੜੇ ਸਤਿਕਾਰ ਸਹਿਤ ਲਾਹੌਰ ਜਾਣ ਲਈ ਗੁਰੁ ਜੀ ਦੇ ਆਦੇਸ਼ ਨੂੰ ਸੁਣਿਆ। ਗੁਰੁ ਜੀ ਨੇ ਅਰਜਨ ਦੇਵ ਜੀ ਨੂੰ ਲਾਹੌਰ ਵਿਚ ਉਦੋਂ ਤੱਕ ਰਹਿਣ ਲਈ ਆਦੇਸ਼ ਕੀਤਾ ਜਦ ਤੱਕ ਕਿ ਉਹਨਾਂ ਨੂੰ ਵਾਪਸ ਆਉਣ ਲਈ ਨਾ ਕਿਹਾ ਜਾਵੇ। ਪਿਤਾ ਜੀ ਦੇ ਕਹਿਣ ਅਨੁਸਾਰ, ਅਰਜਨ ਦੇਵ ਜੀ ਲਾਹੌਰ ਵਿਚ ਰਹੇ ਅਤੇ ਸ਼ਾਦੀ ਹੋ ਜਾਣ ਤੋਂ ਬਾਅਦ ਸੰਗਤਾਂ ਦੇ ਇਕੱਠ ਕਰਨ ਲਗੇ। ਅਰਜਨ ਦੇ ਜੀ ਅਧਿਆਤਮਿਕ ਬਿਰਤੀ ਵਾਲੇ ਵਿਅੱਕਤੀਆਂ ਨੂੰ, ਸਾਈਂ ਮੀਆਂ ਮੀਰ ਸਮੇਤ, ਮਿਲਦੇ ਅਤੇ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਦੇ। ਕਈ ਮਹੀਨੇ ਇਸਤਰ੍ਹਾਂ ਉਡੀਕਦਿਆ, ਅਰਜਨ ਦੇਵ ਜੀ ਨੇ ਲਾਹੌਰ ਤੋਂ ਵਾਪਸ ਪਰਤਣ ਲਈ ਗੁਰੁ ਰਾਮਦਾਸ ਜੀ ਦੀ ਆਗਿਆ ਲਈ ਪੱਤਰ ਲਿਖਿਆ। ਪਿਰਥੀ ਚੰਦ ਨੇ ਉਹ ਪੱਤਰ ਰੋਕ ਲਿਆ ਅਤੇ ਗੁਰੁ ਰਾਮਦਾਸ ਜੀ ਨੂੰ ਨਾ ਦਿਤਾ ਤਾਕਿ ਅਰਜਨ ਦੇਵ ਨੂੰ ਵਾਪਸ ਨਾ ਬੁਲਾਇਆ ਜਾ ਸਕੇ। ਅਰਜਨ ਦੇਵ ਜੀ ਨੇ ਦੂਜਾ ਪੱਤਰ ਲਿਖਿਆ। ਪਿਰਥੀ ਚੰਦ ਨੇ ਇਹ ਪੱਤਰ ਵੀ ਰੋਕ ਲਿਆ। ਅਰਜਨ ਦੇਵ ਜੀ ਨੇ ਇਕ ਸਿੱਖ ਰਾਹੀਂ ਤੀਜਾ ਪੱਤਰ ਭੇਜਿਆ ਅਤੇ ਉਸਨੂੰ ਹਦਾਇਤ ਕੀਤੀ ਕਿ ਉਹ ਪੱਤਰ ਸਿਰਫ਼ ਗੁਰੂ ਜੀ ਨੂੰ ਹੀ ਦਿਤਾ ਜਾਵੇ ਅਤੇ ਹੋਰ ਕਿਸੇ ਨੂੰ ਨਾ ਦਿਤਾ ਜਾਵੇ। ਗੁਰ੍ਹ ਜੀ ਨੂੰ ਜਦ ਤੀਜਾ ਪੱਤਰ ਮਿਲਿਆ ਤਾਂ ਗੁਰੁ ਜੀ ਨੇ ਪਿਰਥੀ ਚੰਦ ਤੋਂ ਪਹਿਲੇ ਦੋ ਪੱਤਰਾਂ ਦੀ ਮੰਗ ਕੀਤੀ। ਪਰ ਉਸ ਕਿਸੇ ਵੀ ਪੱਤਰਾਂ ਦੀ ਪ੍ਰਾਪਤੀ ਤੋਂ ਮੁੱਕਰ ਗਿਆ। ਪਿਰਥੀ ਚੰਦ ਦੇ ਘਰ ਦੀ ਤਲਾਸ਼ੀ ਕੀਤੀ ਗਈ ਅਤੇ ਦੋਵੇਂ ਪੱਤਰ ਮਿਲ ਗਏ। ਅਰਜਨ ਦੇਵ ਜੀ ਨੂੰ ਲਾਹੌਰੋਂ ਵਾਪਸ ਲਿਆਉਣ ਲਈ ਗੁਰੂ ਰਾਮਦਾਸ ਜੀ ਨੇ ਕੁਝ ਸਿੱਖਾਂ ਨੂੰ ਤੁਰੰਤ ਲਾਹੌਰ ਭੇਜਿਆ।

---

# ੩. ਅਰਜਨ ਦੇਵ ਜੀ ਪੰਜਵੇਂ ਨਾਨਕ ਬਣੇ

੧੫੮੧ ਈਸਵੀ: ਅਰਜਨ ਦੇਵ ਜੀ ਦੇ ਲਾਹੌਰੋਂ ਆਉਣ ਤੋਂ ਬਾਅਦ ਗੁਰੁ ਰਾਮਦਾਸ ਜੀ ਨੇ ਮਹਿਸੂਸ ਕੀਤਾ ਕਿ ਉਹਨਾਂ ਦਾ ਦੁਨੀਆਂ ਤੋਂ ਜਾਣ ਦਾ ਸਮਾਂ ਨੇੜੇ ਆ ਰਿਹਾ ਹੈ। ਉਹਨਾਂ ਨੇ ਨਿਰਣਾ ਕੀਤਾ ਕਿ ਉਹਨਾਂ ਦਾ ਸਭ ਤੋਂ ਛੋਟਾ ਬੇਟਾ ਅਰਜਨ ਦੇਵ ਹੀ ਗੁਰਗੱਦੀ ਦੇ ਲਾਇਕ ਹੈ। ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਆਪਣੇ ਫ਼ੈਸਲੇ ਤੋਂ ਜਾਣੂ ਰਵਾਇਆ ਅਤੇ ਉਹ ਸਾਰੇ ਸਹਿਮਤ ਹੋ ਗਏ। ਫਿਰ ਉਹਨਾਂ ਨੇ ਆਪਣੇ ਪਰਮੁੱਖ ਸਿੱਖਾਂ ਦੀ ਮੀਟਿੰਗ ਬੁਲਾਈ ਅਤੇ ਆਪ ਗੁਰਗੱਦੀ ਤੋਂ ਨੀਚੇ ਆ ਗਏ ਅਤੇ ਸਾਰੇ ਇਕੱਠ ਦੀ ਹਾਜ਼ਰੀ ਵਿਚ ਅਰਜਨ ਦੇਵ ਜੀ ਨੂੰ ਗੱਦੀ ਤੇ ਬੈਠਾਇਆ। ਫਿਰ ਉਹਨਾਂ ਨੇ ਅਰਜਨ ਦੇਵ ਜੀ ਸਾਹਮਣੇ ਸਿਰ ਝੁਕਾਇਆ ਅਤੇ ਉਹਨਾਂ ਨੂੰ ਪੰਜਵਾਂ ਨਾਨਕ ਹੋਣ ਦਾ ਐਲਾਨ ਕੀਤਾ। ਇਹ ਐਲਾਨ ੨੮ ਅਗਸਤ ੧੫੮੧ ਨੂੰ ਹੋਇਆ ਅਤੇ ਚੌਥੇ ਨਾਨਕ (ਗੁਰੁ ਰਾਮਦਾਸ ਜੀ) ਦੇ ਆਦੇਸ਼ ਅਨੁਸਾਰ ਹਾਜ਼ਰ ਸਾਰੇ ਸਿੱਖਾਂ ਨੇ ਪੰਜਵੇਂ ਨਾਨਕ ਸਾਹਵੇਂ ਸਿਰ ਝੁਕਾਇਆ। ਚੌਥੇ ਨਾਨਕ ਨੇ ਗੁਰਬਾਣੀ ਲਿਖਤਾਂ ਦੀ ਪੋਥੀ, ਪਹਿਲੇ ਗੁਰੂਆਂ ਦੀਆਂ ਲਿਖਤਾਂ ਅਤੇ ਭਗਤਾਂ ਦੀ ਬਾਣੀ ਸਮੇਤ, ਅਰਜਨ ਦੇਵ ਜੀ ਦੇ ਹਵਾਲੇ ਕੀਤੀਆਂ। ਪਿਰਥੀ ਚੰਦ ਨੇ ਸੋਚਿਆ ਕਿ ਉਹ ਵੱਡਾ ਪੁੱਤਰ ਹੋਣ ਕਰਕੇ ਉਸਨੂੰ ਆਪਣੇ ਪਿਤਾ ਤੋਂ ਬਾਅਦ ਗੁਰਗੱਦੀ ਪ੍ਰਾਪਤ ਕਰਨ ਦਾ ਹੱਕ ਸੀ। ਪਰ ਉਸਦੇ ਪਿਤਾ ਜੀ ਨੇ ਗੁਰਗੱਦੀ ਦਾ ਹੱਕ ਆਪਣੇ ਸਭ ਤੋਂ ਛੋਟੇ ਪੁੱਤਰ ਅਰਜਨ ਦੇਵ ਜੀ ਨੂੰ ਦਿਤਾ। ਪਿਰਥੀ ਚੰਦ ਨਾਰਾਜ਼ ਹੋ ਗਿਆ। ਉਸਨੇ ਗੁਰੁ ਰਾਮਦਾਸ ਜੀ ਨੂੰ ਕਈ ਤਰ੍ਹਾਂ ਦੇ ਬੋਲ-ਕਬੋਲ ਬੋਲੇ। ਉਸਨੇ ਗੁਰੂ ਬਣਨ ਦਾ ਆਪਣਾ ਹੱਕ ਨਾ ਮਿਲਣ ਤੇ ਅਤੇ ਆਪਣੇ ਛੋਟੇ ਪੁੱਤਰ ਨੂੰ ਰਿਆਇਤ ਕਰਨ ਤੇ ਆਪਣੇ ਪਿਤਾ ਜੀ ਨੂੰ ਦੋਸ਼ੀ ਠਹਿਰਾਇਆ। ਉਸਨੇ ਅਰਜਨ ਦੇਵ ਨੂੰ ਹਟਾ ਕੇ ਆਪ ਗੁਰੂ ਬਣਨ ਦਾ ਡਰਾਵਾ ਦਿਤਾ। ਗੁਰੂ ਰਾਮਦਾਸ ਜੀ ਨੇ ਪਿਰਥੀ ਚੰਦ ਨੂੰ ਝਗੜੇ ਵਿਚ ਨਾ ਪੈਣ ਲਈ ਕਿਹਾ ਅਤੇ ਉਸਨੂੰ ਉਸਨੂੰ ਇਕ ਚੰਗੇ ਸਪੁੱਤਰ ਦੀ ਤਰ੍ਹਾਂ ਫ਼ੈਸਲੇ ਦਾ ਪਾਲਣ ਕਰਨ ਲਈ ਆਖਿਆ। ਪਰ ਪਿਰਥੀ ਚੰਦ ਕੜਵੀ ਭਾਸ਼ਾ ਬੋਲਦਾ ਰਿਹਾ ਅਤੇ ਅਰਜਨ ਦੇਵ ਨੂੰ ਦੂਰ ਕੱਢ ਕੇ ਉਸ ਦੀ ਥਾਂ ਆਪ ਗੁਰੁ ਬਣਨ ਦੀਆਂ ਧਮਕੀਆਂ ਦਿੰਦਾ ਗਿਆ। ਗੁਰੁ ਰਾਮਦਾਸ ਜੀ ਅਗਲੇ ਦਿਨ ਗੋਇੰਦਵਾਲ ਵੱਲ ਚਲ ਪਏ। ਉਹਨਾਂ ਨੇ ਗੁਰੁ ਅਰਜਨ ੨ਸਾਹਿਬ ਨੂੰ ਆਪਣੇ ਨਾਲ ਲੈ ਲਿਆ। ਉਥੇ ਉਹਨਾਂ ਆਪਣੇ ਸਾਰੇ ਸਾਕ-ਸਬੰਧੀਆਂ ਨੂੰ ਅਲਵਿਦਾ ਕਹਿ ਕੇ ਦੁਨੀਆਂ ਤੋਂ ਕੂਚ ਕਰ ਗਏ। ਇਹ ਘਟਨਾ ੧ ਸਤੰਬਰ ੧੫੮੧ ਨੂੰ ਵਾਪਰੀ। ਗੁਰੂ ਅਰਜਨ ਸਾਹਿਬ ਜੀ ਵਾਪਸ ਗੁਰ-ਕਾ-ਚੱਕ (ਅੱਜ ਕਲ੍ਹ ਅੰਮ੍ਰਿਤਸਰ) ਪਰਤੇ ਅਤੇ ਸਿੱਖਾਂ ਦੇ ਪੰਜਵੇਂ ਗੁਰੂ ਵਜੋਂ ਆਪਣਾ ਕੰਮ-ਕਾਜ ਸੰਭਾਲਿਆ। ਪਿਰਥੀ ਚੰਦ ਦੁਸ਼ਟਤਾ ਦੀ ਹਾਲਤ ਵਿਚ ਆ ਗਿਆ ਅਤੇ ਆਪਣੇ ਆਪ ਨੂੰ ਗੁਰੂ ਹੋਣ ਦਾ ਐਲਾਨ ਕਰ ਦਿਤਾ। ਆਪਣੇ ਆਪ ਨੂੰ ਗੁਰੂ ਹੋਣ ਦਾ ਦਾਅਵਾ ਕਰਕੇ ਉਸਨੇ ਦੂਰ-ਨੇੜੇ ਆਪਣੇ ਆਦਮੀ ਭੇਜ ਦਿਤੇ। ਕਈ ਸਧਾਰਨ ਸਿੱਖ ਉਹਨਾ ਬੰਦਿਆਂ ਦੇ ਧੋਖੇ ਵਿਚ ਆ ਗਏ। ਜਦ ਸਿੱਖ ਆਪਣੇ ਚੜ੍ਹਾਵੇ ਸਮੇਤ ਅੰਮ੍ਰਿਤਸਰ ਆਏ ਤਾਂ ਪਿਰਥੀ ਚੰਦ ਦੇ ਬੰਦਿਆਂ ਨੇ ਉਹਨਾਂ ਨੂੰ ਪਿਰਥੀ ਚੰਦ ਵੱਲ ਭੇਜ ਦਿਤਾ। ਇਸਤਰ੍ਹਾਂ ਚੜ੍ਹਾਵੇ ਦੀ ਸਾਰੀ ਰਕਮ ਪਿਰਥੀ ਚੰਦ ਕੋਲ ਚਲੀ ਗਈ ਅਤੇ ਗੁਰੁ ਅਰਜਨ ਸਾਹਿਬ ਕੋਲ ਕੋਈ ਮਾਇਆ ਨਾ ਰਹਿ ਗਈ। ਗੁਰੂ ਅਰਜਨ ਦੇਵ ਜੀ ਫਿਰ ਵੀ ਕਿਸੇ ਤਰ੍ਹਾਂ ਲੰਗਰ ਦਾ ਕੰਮ ਚਲਾਉਂਦੇ ਰਹੇ। ਉਹ ਸ਼ਾਂਤ ਚਿੱਤ ਰਹਿ ਕੇ ਅਕਾਲ ਪੁਰਖ ਦਾ ਭਜਨ ਕਰਦੇ ਰਹੇ ਅਤੇ ਪਿਰਥੀ ਚੰਦ ਵਿਰੁੱਧ ਕੋਈ ਕਦਮ ਨਾ ਉਠਾਇਆ। ਗੁਰੂ ਅਰਜਨ ਦੇਵ ਜੀ ਪ੍ਰਮਾਤਮਾ ਉੱਪਰ ਪੂਰਨ ਵਿਸ਼ਵਾਸ ਰਖਦੇ ਸਨ।ਉਹਨਾਂ ਦਾ ਭਰੋਸਾ ਸੀ ਨਿ ਆਖਰਕਾਰ ਸਚਾਈ ਦਾ ਪਸਾਰਾ ਹੋਵੇਗਾ। ਪਿਰਥੀ ਚੰਦ ਨੇ ਇਕ ਹੋਰ

ਚਲਾਕੀ ਕੀਤੀ। ਜਦ ਉਹ ਸਿੱਖਾਂ ਕੋਲੋਂ ਭੇਟਾ ਵਸੂਲ ਕਰਦਾ, ਤਾਂ ਉਹ ਉਹ ਮਾਇਆ ਗੁਰੁ ਅਰਜਨ ਜੀ ਦੇ ਲੰਗਰ ਵਿਚ ਭੇਜ ਦਿੰਦਾ। ਗੁਰੂ ਜੀ ਨੇ ਕੋਈ ਇਤਰਾਜ਼ ਨਾ ਕੀਤਾ। ਯਥਾਸਮਰੱਥਾ ਅਨੁਸਾਰ ਸਾਰੀਆ ਸੰਗਤਾਂ ਨੂੰ ਚੰਗਾ ਭੋਜਨ ਛਕਾਇਆ ਜਾਂਦਾ। ਗੁਰੁ ਜੀ ਅਤੇ ਉਹਨਾਂ ਦੀ ਪਤਨੀ ਲਈ ਅਕਸਰ ਘੱਟ ਤੋਂ ਘੱਟ ਭੋਜਨ ਰਹਿ ਜਾਂਦਾ। ਕਈ ਵਾਰ ਸਾਰੇ ਦਿਨ ਵਿਚ ਸਿਰਫ਼ ਇਕ ਵਾਰ ਲਈ ਬਹੁਤ ਥੋਹੜਾ ਸਧਾਰਨ ਭੋਜਨ ਬਚਦਾ, ਪਰ ਉਹ ਉਸੇ ਵਿਚ ਹੀ ਸਬਰ ਸੰਤੋਖ ਰਖਦੇ।

ਇਸਤਰ੍ਹਾਂ ਕੁਝ ਦੇਰ ਕੰਮ ਚਲਦਾ ਰਿਹਾ। ਇਕ ਦਿਨ ਭਾਈ ਗੁਰਦਾਸ ਜੀ ਆਗਰੇ ਤੋਂ ਆਏ। ਉਹ ਗੁਰੁ ਅਰਜਨ ਦੇਵ ਜੀ ਦਾ ਮਾਤਾ ਬੀਬੀ ਭਾਨੀ ਜੀ ਦੇ ਭਰਾਤਾ ਸਨ। ਉਹ ਬਹੁਤ ਸਮਝਦਾਰ ਅਤੇ ਵਿਦਵਾਨ ਸਨ। ਗੁਰੂ ਜੀ ਅਤੇ ਉਹਨਾਂ ਦੀ ਪਤਨੀ ਨੂੰ ਇਸਤਰ੍ਹਾਂ ਸਧਾਰਨ ਭੋਜਨ ਛਕਦਿਆਂ ਦੇਖ ਕੇ ਉਹਨਾਂ ਦਾ ਦਿਲ ਬਹੁਤ ਦੁਖੀ ਹੋਇਆ। ਇਹ ਸਭ ਕੁਝ ਦੇਖ ਕੇ ਉਹ ਬਹੁਤ ਉਦਾਸ ਹੋਏ।

ਭਾਈ ਗੁਰਦਾਸ ਜੀ ਨੇ ਇਸ ਸਭ ਕੁਝ ਗਲਤ ਹੋ ਰਹੇ ਕੰਮ ਨੂੰ ਠੀਕ ਕਰਨ ਲਈ ਪੱਕਾ ਮਨ ਬਣਾਇਆ। ਉਹ ਬਾਬਾ ਬੁੱਢਾ ਜੀ ਵਰਗੇ ਪਰਮੁੱਖ ਸਿਖਾਂ ਨੂੰ ਮਿਲੇ ਅਤੇ ਉਹਨਾਂ ਨਾਲ ਸਲਾਹ-ਮਸ਼ਵਰਾ ਕੀਤਾ। ਬਾਬਾ ਬੁੱਢਾ ਜੀ ਉਹਨਾਂ ਸਾਰੇ ਯਾਤਰੂ ਸਿੱਖਾਂ ਨੂੰ ਪਿਪਲੀ ਸਾਹਿਬ ਵਿਖੇ ਮਿਲੇ ਅਤੇ ਪਿਰਥੀ ਚੰਦ ਅਤੇ ਉਸਦੇ ਸਥੀਆ ਦੀਆਂ ਕਰਤੂਤਾਂ ਬਾਰੇ ਦਸਿਆ। ਸਾਰੇ ਪਰਮੁੱਖ ਸਿੱਖ ਅੰਮ੍ਰਿਤਸਰ ਵਿਚ ਹੋ ਰਹੀਆ ਕਾਰਵਾਈਆ ਬਾਰੇ ਸਿੱਖਾਂ ਨੂੰ ਜਾਣੂ ਕਰਤਉਣ ਲਈ ਵੱਖ ਵੱਖ ਦਿਸ਼ਾਵਾਂ ਵਿਚ ਗਏ। ਸਿੱਖਾਂ ਨੇ ਸਚਾਈ ਜਾਣ ਲਈ ਅਤੇ ਮਾਇਆ ਦਾ ਚੜ੍ਹਾਵਾ ਗੁਰੂ ਜੀ ਨੂੰ ਦੇਣਾ ਸ਼ੁਰੂ ਕਰ ਦਿਤਾ। ਗੁਰੂ ਜੀ ਦੇ ਲੰਗਰ ਦੇ ਭੰਡਾਰ ਮੁੜ ਭਰਪੂਰ ਹੋ ਗਏ। ਗੁਰੂ ਅਰਜਨ ਦੇਵ ਜੀ ਦੇ ਗੁਰੂ ਹੋਣ ਬਾਰੇ ਬੜੀ ਛੇਤੀ ਹੀ ਸਾਰੇ ਪਾਸੇ ਸਿੱਖਾਂ ਨੂੰ ਪਤਾ ਚਲ ਗਿਆ।

..............................................................................................

੨. ਪੰਜਵੇਂ ਗੁਰੂ ਨਾਨਕ ਬਣਨ ਤੋਂ ਪਹਿਲਾਂ ਉਹ ਅਰਜਨ ਦੇਵ ਸਨ ਅਤੇ ਗੁਰੂ ਬਣਨ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਕਹਿਲਾਏ।

..............................................................................................

# ੪. ਭੱਟਾਂ ਦੇ ਗਾਏ ਸਵਯੀਐ

੧੫੮੧ ਈਸਵੀ (ਉਮਰ ੧੮ ਸਾਲ): ਰੂਹਾਨੀ ਆਨੰਦ ਦੀ ਭਾਲ ਵਿਚ ਕੁਝ ਭੱਟ ਵੱਖ ਵੱਖ ਤੀਰਥ ਅਸਥਾਨਾਂ ਦੀ ਯਾਤਰਾ ਕਰਦੇ ਸਨ। ਉਹ ਇਕ ਸਾਲ ਤੋਂ ਤੀਰਤ ਅਸਥਾਨਾ ਦੀ ਯਾਤਰਾ ਕਰ ਰਹੇ ਸਨ ਪਰ ਮਨ-ਚਾਹੀ ਮਾਨਸਿਕ ਸੰਤੁਸ਼ਟੀ ਹਾਸਲ ਨਹੀਂ ਹੋਈ ਸੀ। ਚੰਗੇ ਭਾਗਾਂ ਨੂੰ ਉਹਨਾਂ ਦਾ ਮਿਲਾਪ ਗੋਇੰਦਵਾਲ ਨੂੰ ਜਾ ਰਹੇ ਸਿੱਖਾਂ ਦੇ ਇਕ ਸਮੂਹ ਨਾਲ ਹੋ ਗਿਆ ਅਤੇ ਉਹਨਾਂ ਨੇ ਉਹਨਾਂ ਨਾਲ ਚੱਲਣ ਦਾ ਫ਼ੈਸਲਾ ਕੀਤਾ। ਉਹ ਭੱਟ ਇਕ ਸੱਚੇ ਗੁਰੂ ਦੀ ਭਾਲ ਵਿਚ ਸਨ। ਗੁਰੂ ਬਾਰੇ ਉਹਨਾਂ ਦੀ ਭਾਵਨਾ ਕਿਸੇ ਸਫ਼ੈਦ ਵਾਲਾਂ ਵਾਲੇ ਬਜ਼ੁਰਗ ਵਿਅੱਕਤੀ ਬਾਰੇ ਸੀ। ਪੰਜਵੇਂ ਨਾਨਕ ਨੂੰ ਮਿਲਣ ਤੇ, ਜੋ ਕਿ ਹਾਲੇ ੧੮ ਸਾਲਾਂ ਦੇ ਸਨ, ਉਹਨਾਂ ਨੂੰ ਕੁਝ ਸ਼ੱਕ ਸੀ। ਪਰ ਗੁਰੂ ਜੀ ਨਾਲ ਗੱਲ ਬਾਤ ਕਰਨ ਤੋਂ ਬਾਅਦ ਉਹ ਗੁਰੂ ਜੀ ਦੇ ਸੰਤ-ਸਰੂਪ ਸੁਭਾਅ ਤੋਂ ਉਹਨਾਂ ਦੀ ਮਹਾਨਤਾ ਬਾਰੇ ਬਹੁਤ ਪ੍ਰਭਾਵਤ ਹੋਏ। ਉਹਨਾਂ ਨੂੰ ਪਿਰਥੀ ਚੰਦ ਦੀ ਵਿਰੋਧਤਾ ਬਾਰੇ ਵੀ ਪਤਾ ਚਲਿਆ। ਉਹ ੧੧ ਭੱਟ ਸਾਰੇ ਹੀ ਕਵੀ ਸਨ ਅਤੇ ਉਹ ਗੁਰੂ ਅਰਜਨ ਦੇਵ ਜੀ ਅਤੇ ਪਹਿਲੇ ਚਾਰ ਗੁਰ ਨਾਨਕ ਗੁਰੂਆਂ ਦੀ ਪ੍ਰਸੰਸਾ ਕਰਨ ਲਈ ਉਤਸ਼ਾਹਤ ਹੋਏ। ਉਹਨਾਂ ਪੰਜੇ ਗੁਰੂ ਨਾਨਕ ਗੁਰੂਆਂ ਦੀ ਪ੍ਰਸੰਸਾ ਵਿਚ ਸਵੈਯਿਆਂ ਦਾ ਗਾਇਨ ਕੀਤਾ।

ਗੁਰੂ ਅਰਜਨ ਦੇਵ ਜੀ ਨੇ ਭੱਟਾਂ ਕੋਲੋਂ ਸਵਯੀਐ ਇਕੱਤਰ ਕੀਤੇ ਅਤੇ ਉਹਨਾਂ ਨੂੰ ਚੌਥੇ ਗੁਰੂ ਨਾਨਕ ਦੀ ਬਖ਼ਸ਼ੀ ਬਾਣੀ ਨਾਲ ਜੋੜਿਆ। ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਆਪ ਵੀ ੨੦ ਸਵੈਯਿਆਂ ਦੀ ਰਚਨਾ ਕੀਤੀ। ਇਹ ਸਾਰੀਆਂ ਰਚਨਾਵਾਂ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹਨ।

# ੫. ਸੱਤਾ ਬਲਵੰਡ ਦਾ ਹੰਕਾਰ ਅਤੇ ਲਾਲਸਾ

੧੫੮੨ ਈਸਵੀ (ਉਮਰ ੧੯ ਸਾਲ): ਸੱਤਾ ਅਤੇ ਬਲਵੰਡ, ਪਿਓ ਪੁੱਤਰ, ਦੋਵੇਂ ਗੁਰੂ ਜੀ ਦੀ ਸੰਸਥਾ ਵਿਚ ਸਾਜ਼ਕਾਰ ਸਨ। ਉਹ ਗੁਰੂ ਦਰਬਾਰ ਵਿਚ ਗੁਰਬਾਣੀ ਗਾਇਨ ਦਾ ਕੀਰਤਨ ਕਰਕੇ ਆਪਣਾ ਜੀਵਨ ਨਿਰਬਾਹ ਕਰਦੇ ਸਨ। ਪਿਰਥੀ ਚੰਦ ਨੇ ਜਦ ਧੋਖੇ ਨਾਲ ਸਿੱਖਾਂ ਤੋਂ ਚੜ੍ਹਾਵਾ ਆਪਣੇ ਵੱਲ ਮੋੜ ਲਿਆ ਅਤੇ ਲੰਗਰ ਚਲਾਉਣ ਲਈ ਮਾਇਆ ਦੀ ਪੂਰਤੀ ਨਹੀਂ ਹੋ ਰਹੀ ਸੀ, ਤਾਂ ਉਸ ਵੇਲੇ ਸੱਤਾ ਨੇ ਆਪਣੀ [3]ਬੇਟੀ ਦਾ ਵਿਆਹ ਰੱਖ ਲਿਆ। ਉਸਨੇ ਗੁਰੂ ਜੀ ਦੀ ਮਾਇਕ ਔਕੜ ਦਾ ਧਿਆਨ ਨਾ ਕਰਦਿਆਂ ਹੋਇਆਂ ਗੁਰੂ ਜੀ ਕੋਲ ਇਕ ਵੱਡੀ ਰਕਮ ਵਾਲੀ ਮਾਇਕ ਸਹਾਇਤਾ ਲਈ ਬੇਨਤੀ ਕੀਤੀ। ਸੱਤਾ ਵਲੋਂ ਮੰਗੀ ਰਕਮ ਗੁਰੂ ਜੀ ਅਦਾ ਨਹੀਂ ਸਨ ਕਰ ਸਕਦੇ; ਜਿਸ ਨਾਲ ਸੱਤਾ ਬਹੁਤ ਔਖਾ ਹੋ ਗਿਆ। ਪਿਰਥੀ ਚੰਦ ਨੇ ਇਸ ਘਟਨਾ ਤਹਿਤ ਸੱਤਾ ਅਤੇ ਬਲਵੰਡ ਨੂੰ ਗੁਰੂ ਜੀ ਵਿਰੁੱਧ ਭੜਕਾਇਆ। ਪਿਰਥੀ ਚੰਦ ਨੇ ਉਹਨਾਂ ਨੂੰ ਇਸਤਰ੍ਹਾਂ ਮਨਾ ਲਿਆ ਕਿ ਸ਼ਰਧਾਲੂ ਉਹਨਾਂ ਦਾ ਕੀਰਤਨ ਹੀ ਸੁਣਨ ਆਉਂਦੇ ਹਨ। ਜੇ ਉਹ ਕੀਰਤਨ ਕਰਨਾ ਬੰਦ ਕਰ ਦੇਣ ਤਾਂ ਸ਼ਰਧਾਲੂ ਗੁਰੂ ਜੀ ਕੋਲ ਜਾਣਾ ਬੰਦ ਕਰ ਦੇਣਗੇ। ਗੁਰੂ ਜੀ ਨੂੰ ਸਾਰਾ ਚੜ੍ਹਾਵਾ ਉਹਨਾਂ ਦੀ ਗਾਇਨ ਯੋਗਤਾ ਕਰਕੇ ਹੀ ਮਿਲਦਾ ਹੈ। ਸੱਤਾ ਅਤੇ ਬਲਵੰਡ ਇਹ ਨਾ ਭਾਂਪ ਸਕੇ ਕਿ ਪਿਰਥੀ ਚੰਦ ਗੁਰੂ ਜੀ ਦਾ ਨੁਕਸਾਨ ਕਰਨ ਲਈ ਉਹਨਾਂ ਨੂੰ ਵਰਤ ਰਿਹਾ ਸੀ। ਪਿਰਥੀ ਚੰਦ ਦੀ ਸਲਾਹ ਮੰਨਦਿਆਂ ਹੋਇਆਂ, ਉਹ ਅਗਲੀ ਸਵੇਰ ਕੀਰਤਨ ਕਰਨ ਲਈ ਗੁਰੂ ਜੀ ਦੇ ਦਰਬਾਰ ਨਾ ਗਏ। ਕੀਰਤਨ ਕਰਨ ਲਈ ਗੁਰੂ ਜੀ ਨੇ ਕੁਝ ਸਿੱਖਾਂ ਨੂੰ ਉਹਨਾਂ ਦੇ ਘਰ ਭੇਜਿਆ। ਉਹਨਾਂ ਨੇ ਸਿਰਫ਼ ਇਨਕਾਰ ਹੀ ਨਹੀਂ ਕੀਤਾ, ਸਗੋਂ ਗੁਰੂ ਦਰਬਾਰ ਬਾਰੇ ਕਈ ਤਰ੍ਹਾਂ ਦੇ ਅਪਸ਼ਬਦ ਵੀ ਬੋਲੇ। ਉਹਨਾਂ ਨੂੰ ਲਿਆਉਣ ਲਈ ਗੁਰੂ ਜੀ ਆਪ ਉਹਨਾਂ ਦੇ ਘਰ ਗਏ। ਉਹਨਾਂ ਨੇ ਫਿਰ ਵੀ ਨਾਂਹ ਕਰ ਦਿਤੀ ਅਤੇ ਗੁਰੂ ਜੀ ਦੇ ਦਰਬਾਰ ਪ੍ਰਤੀ ਕਈ ਅਪਮਾਨਜਨਕ ਸ਼ਬਦ ਬੋਲੇ। ਛੇਤੀ ਹੀ ਉਹ ਗੁਰੂ ਨਾਨਕ ਜੀ ਬਾਰੇ ਵੀ ਹੱਤਕ ਭਰੇ ਸ਼ਬਦ ਬੋਲਣ ਲਗ ਪਏ। ਉਹ ਕਹਿੰਦੇ ਕਿ ਨਾਨਕ ਉਹਨਾਂ ਦਾ ਵੱਡਾ ਮਰਦਾਨਾ ਮਨੋਹਰ ਕੀਰਤਨ ਕਰਿਆ ਕਰਦਾ ਸੀ, ਨਹੀਂ ਤੇ ਨਾਨਕ ਦੀ ਪਹਿਚਾਣ ਕਿਧਰੇ ਨਾ ਬਣਦੀ। ਗੁਰੂ ਜੀ ਅਜੇਹੀ ਬੇਇਜ਼ਤੀ ਨਾ ਸਹਾਰ ਸਕੇ। ਗੁਰੂ ਜੀ ਨੇ ਸਿੱਖਾਂ ਨੂੰ ਆਪ ਕੀਰਤਨ ਕਰਨ ਦੀ ਸਲਾਹ ਦਿਤੀ। ਗੁਰੂ ਜੀ ਆਪ ਵੀ ਕਈ ਰਾਗਾਂ ਵਿਚ ਨਿਪੁੰਨ ਸਨ। ਗੁਰੂ ਜੀ ਨੇ ਸਿੱਖਾਂ ਨੂੰ ਆਪ ਕੀਰਤਨ ਕਰਨ ਲਈ ਕਿਹਾ ਅਤੇ ਸੱਤਾ ਬਲਵੰਡ ਦਾ ਕੀਰਤਨ ਸੁਣਨ ਤੋਂ ਮਨ੍ਹਾਂ ਕਰ ਦਿਤਾ।

ਸੱਤਾ ਅਤੇ ਬਲਵੰਡ ਉਮੀਦ ਕਰ ਰਹੇ ਸਨ ਕਿ ਸਿੱਖ ਕੀਰਤਨ ਸੁਣਨ ਲਈ ਉਹਨਾਂ ਕੋਲ ਆਉਂਦੇ ਰਹਿਣਗੇ। ਫਿਰ ਉਹਨਾਂ ਨੂੰ ਆਪਣੇ ਆਪ ਹੀ ਚੜ੍ਹਾਵਾ ਦੇਣਗੇ ਅਤੇ ਮਾਇਆ ਵਾਧੂ ਹੋ ਜਾਇਗੀ। ਪਰ ਇਸਤਰ੍ਹਾਂ ਨਾ ਹੋਇਆ ਕਿਉਂਕਿ ਕੋਈ ਵੀ ਸਿੱਖ ਕੀਰਤਨ ਸੁਣਨ ਲਈ ਨਾ ਆਇਆ। ਛੇਤੀ ਹੀ ਸੱਤਾ ਅਤੇ ਬਲਵੰਡ ਕੋਲੋਂ ਮਾਇਆ ਖਤਮ ਹੋ ਗਈ ਅਤੇ ਭੋਜਨ ਦਾ ਪ੍ਰਬੰਧ ਕਰਨਾ ਮੁਸ਼ਕਲ ਹੋ ਗਿਆ। ਜਦ ਮਾਇਕ ਹਾਲਤ ਅਸਹਿ ਹੋ ਗਈ ਤਾਂ ਉਹ ਇਕ ਮਸ਼ਹੂਰ ਸਿੱਖ ਭਾਈ ਲੱਧਾ ਕੋਲ ਲਾਹੌਰ ਗਏ ਜਿਹੜਾ ਕਿ ਕਿਸੇ ਵੀ ਲੋੜਵੰਦ ਦੀ ਮਦਦ ਕਰਨ ਵਜੋਂ ਜਾਣਿਆ ਜਾਂਦਾ ਸੀ। ਭਾਈ ਲੱਧਾ ਸੱਤਾ ਅਤੇ ਬਲਵੰਡ ਦੀ ਭੁੱਲ ਬਖਸ਼ਾਉਣ ਲਈ ਗੁਰੂ ਜੀ ਕੋਲ ਆਇਆ। ਗੁਰੂ ਜੀ ਜੋ ਕਿਸੇ ਨੂੰ ਵੀ ਬਖ਼ਸ਼ ਦਿੰਦੇ ਸਨ ਜੇ ਕੋਈ ਸੁਹਿਰਦ ਹੁੰਦਾ ਅਤੇ ਸਚਮੱਚ

ਭੁੱਲ ਬਖ਼ਸ਼ਾਉਣ ਦਾ ਪਾਤਰ ਬਣਦਾ। ਗੁਰੁ ਜੀ ਨੇ ਸੱਤਾ ਅਤੇ ਬਲਵੰਡ ਨੂੰ ਮੁਆਫ਼ ਕਰ ਦਿਤਾ ਕਿਉਂਕਿ ਗੁਰੂਆ ਦੀ ਬੇਇਜ਼ਤੀ ਕਰਨ ਪ੍ਰਤੀ ਉਹ ਸ਼ਰਮਿੰਦਾ ਸਨ। ਇਹ ਜਾਣਕੇ ਕਿ ਗੁਰੁ ਜੀ ਨੇ ਉਹਨਾਂ ਨੂੰ ਬਖ਼ਸ ਦਿਤਾ ਹੈ, ਉਹਨਾਂ ਨੇ ਇਕ ਅੱਠ ਪਉੜੀਆਂ ਦੀ ਵਾਰ ਦੀ ਰਚਨਾ ਕੀਤੀ ਅਤੇ ਗੁਰੂ ਜੀ ਦੀ ਪ੍ਰਸੰਸਾ ਵਿਚ ਗਾਇਨ ਕੀਤਾ। ਪਹਿਲੀਆ ਤਿੰਨ ਪਉੜੀਆਂ ਬਲਵੰਡ ਦੀਆ ਹਨ ਅਤੇ ਪੰਜ ਪਉੜੀਆ ਸੱਤਾ ਦੀਆ ਹਨ। ਇਹ ਦੁਰਘਟਨਾ ਪਿਰਥੀ ਚੰਦ ਦੇ ਕਾਰਨ ਉਹਨਾਂ ਦੀ ਮਾਇਕ ਮੰਦਹਾਲੀ ਕਾਰਨ ਵਾਪਰੀ। ਸੋ, ਇਹਨਾਂ ਪਉੜੀਆ ਵਿਚ, ਸੱਤਾ ਬਲਵੰਡ ਨੇ ਗੁਰੂ ਜੀ ਵਲੋਂ ਚਲਾਏ ਜਾ ਰਹੇ ਲੰਗਰ ਅਤੇ ਵਾਹਿਗੁਰੂ ਨਾਮ ਦਾ ਵਰਣਨ ਕੀਤਾ। ਗੁਰੂ ਜੀ ਨੇ ਇਸ ਵਾਰ ਨੂੰ ਗੁਰੁ ਗਰੰਥ ਸਾਹਿਬ ਵਿਚ 'ਸੱਤਾ ਅਤੇ ਬਲਵੰਡ ਦੀ ਵਾਰ' ਵਜੋਂ ਰਾਗ ਰਾਮਕਲੀ ਵਿਚ ਅੰਕਿਤ ਕੀਤਾ। ਇਹ ਵਾਰ ੯੬੬ ਤੋਂ ੯੬੮ ਪੱਤਰਿਆ ਉੱਪਰ ਹੈ।

.........................................................................................

੩. ਕਈ ਲੇਖਕ ਮੰਨਦੇ ਹਨ ਕਿ ਇਹ ਕਹਾਣੀ ਸਹੀ ਨਹੀਂ ਹੈ। ਇਹ ਕਹਾਣੀ ਗੁਰੂ ਗਰੰਥ ਸਾਹਿਬ ਵਿਚਲੇ ਕੁਝ ਹੋਰ ਸ਼ਬਦਾਂ ਨਾਲ ਜੁੜੀਆ ਕਹਾਣੀਆਂ ਦੀ ਤਰ੍ਹਾਂ ਘੜੀ ਗਈ ਹੈ। ਉਹਨਾਂ ਦਾ ਵਿਸ਼ਵਾਸ ਹੈ ਕਿ ਸੱਤਾ ਅਤੇ ਬਲਵੰਡ ਨੇ ਹੋਰ ਭੱਟਾਂ ਅਤੇ ਭਗਤਾਂ ਦੀ ਤਰ੍ਹਾਂ ਗੁਰੂ ਜੀ ਅਤੇ ਵਾਹਿਗੁਰੂ ਦੇ ਹਿਤ ਵਿਚ ਇਸ ਵਾਰ ਦੀ ਰਚਨਾ ਕੀਤੀ।

# ੬. ਹਰਿਮੰਦਰ ਸਾਹਿਬ

੧੫੮੮ ਈਸਵੀ (ਉਮਰ ੨੫ ਸਾਲ): ਚੌਥੇ ਨਾਨਕ (ਗੁਰੂ ਰਾਮਦਾਸ ਜੀ) ਨੇ ਅੰਤਰ-ਧਿਆਨ ਹੋ ਕੇ ਯੋਜਨਾ ਸਹਿਤ ਇਕ ਨਵੇਂ ਨਗਰ 'ਗੁਰੂ ਰਾਮਦਾਸ ਚੱਕ' (ਅੱਜ ਕਲ੍ਹ ਅੰਮ੍ਰਿਤਸਰ) ਦੀ ਉਸਾਰੀ ਸ਼ੁਰੂ ਕੀਤੀ। ਚੌਥੇ ਨਾਨਕ ਨੇ ਗੁਰੂ ਬਾਜ਼ਾਰ ਅਤੇ ਚੌਕ ਪਾਸੀਆਂ ਦੇ ਵਿਕਾਸ ਕਰਨ ਨਾਲ ਵਿਉਪਾਰੀਆਂ ਨੂੰ ਇਸ ਨਗਰ ਵਿਚ ਵਸੋਂ ਕਰਨ ਲਈ ਉਤਸ਼ਾਹਤ ਕੀਤਾ। ਬੜੀ ਛੇਤੀ ਹੀ ਇਸ ਨਗਰ ਦੀ ਵਸੋਂ ਵਿਚ ਵਾਧਾ ਹੋਣ ਲੱਗਾ। ਚੌਥੇ ਨਾਨਕ ਨੇ ਇਕ ਸਰੋਵਰ ਅਤੇ ਉਸ ਵਿਚਕਾਰ ਗੁਰਦੁਆਰਾ ਬਨਾਉਣ ਦੀ ਯੋਜਨਾ ਬਣਾਈ। ਇਹ ਇਕ ਬਹੁਤ ਵੱਡੀ ਯੋਜਨਾ ਸੀ ਜਿਸ ਲਈ ਅਥਾਹ ਮਾਇਆ ਅਤੇ ਸਮਾਨ ਦੀ ਲੋੜ ਸੀ। ਚੌਥੇ ਨਾਨਕ ਨੇ ਸਰੋਵਰ ਦਾ ਬਨਾਉਣਾ ਸ਼ੁਰੂ ਕੀਤਾ। ਸਰੋਵਰ ਦੇ ਮੁਕੰਮਲ ਹੋਣ ਤੋਂ ਪਹਿਲਾਂ, ਸ੍ਰੀ ਅਰਜਨ ਦੇਵ ਜੀ ਪੰਜਵੇਂ ਨਾਨਕ ਬਣੇ। ਚੌਥੇ ਨਾਨਕ ਨੇ ਸਿੱਖਾਂ ਕੋਲੋਂ ਮਾਇਆ ਇਕੱਤਰ ਕਰਨ ਲਈ ਮਸੰਦ ਨਿਯੁਕਤ ਕਰਨ ਦਾ ਧਿਆਨ ਕੀਤਾ ਜੋ ਕਿ ਗੁਰੂ ਜੀ ਕੋਲੋਂ ਦੂਰ-ਦੁਰਾਡੇ ਰਹਿੰਦੇ ਸਨ। ਇਸਤਰ੍ਹਾਂ ਇਸ ਵੱਡੀ ਯੋਜਨਾ ਦੀ ਪੂਰਤੀ ਹੋ ਸਕਦੀ ਸੀ। ਪੰਜਵੇਂ ਨਾਨਕ ਨੇ ਇਸ ਵਿਚ ਤਬਦੀਲੀ ਕਰਕੇ ਸਿੱਖਾਂ ਵਿਚ 'ਦਸਵੰਧ' ਦੀ ਰੀਤ ਚਲਾਈ। ਚੌਥੇ ਨਾਨਕ ਦਾ ਇਹ ਸੰਦੇਸ਼ ਹੌਲੀ ਹੌਲੀ ਸਾਰੇ ਸਿੱਖਾਂ ਵਿਚ ਫ਼ੈਲ ਗਿਆ। ਮਸੰਦਾਂ ਰਾਹੀਂ ਇਕੱਤਰ ਹੋਈ ਮਾਇਆ ਨਾਲ ਇਹ ਸਰੋਵਰ ਸੰਪੂਰਨ ਹੋਇਆ। ਪੰਜਵੇਂ ਨਾਨਕ ਨੇ ਪਵਿੱਤਰ ਸਰੋਵਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਅਤੇ ਇਸਨੂੰ 'ਅੰਮ੍ਰਿਤ ਸਰੋਵਰ' ਕਿਹਾ। ਇਹ ਸਰੋਵਰ ੧੫੮੮ ਵਿਚ ਸੰਪੂਰਨ ਹੋਇਆ। ਚੌਥੇ ਨਾਨਕ ਨੇ ਇਸਨੂੰ ੧੫੭੦ ਵਿਚ ਸ਼ੁਰੂ ਕੀਤਾ ਸੀ। ਚੌਥੇ ਨਾਨਕ ਦੀ ਯੋਜਨਾ ਅਨੁਸਾਰ ਸਰੋਵਰ ਵਿਚਾਲੇ ਇਤਿਹਾਸਕ ਇਮਾਰਤ ਦਾ ਨੀਂਹ-ਪੱਥਰ ਇਕ ਗੈਰਸਿੱਖ ਨੇ ਅਕਤੂਬਰ ੧੫੮੮ ਵਿਚ ਰਖਿਆ ਅਤੇ ਇਸ ਗੁਰਦੁਆਰਾ ਸਾਹਿਬ ਦਾ ਨਾਮ 'ਹਰਿਮੰਦਰ' ਰਖਿਆ ਗਿਆ। ਇਸਦਾ ਨੀਂਹ-ਪੱਥਰ ਲਾਹੌਰ ਦੇ ਰਹਿਣ ਵਾਲੇ ਇਕ ਮੁਸਲਿਮ ਸੰਤ ੳਹਜ਼ਰਤ ਮੀਆਂ ਮੀਰ ਨੇ ਰਖਿਆ। ਮੀਆਂ ਮੀਰ ਧਾਰਮਿਕ ਸਹਿਨਸ਼ਾਲਤੀ ਵਾਲੇ ਵਿਅੱਕਤੀ ਸਨ ਅਤੇ ਹਰੇਕ ਮਾਨਵ ਦੇ ਸਤਿਕਾਰਤ ਸਨ। ਦੁਨੀਆ ਨੂੰ ਧਰਮ ਦਾ ਸੱਚਾ-ਸੁੱਚਾ ਸੰਦੇਸ਼ ਦੇਣ ਲਈ ਪੰਜਵੇਂ ਨਾਨਕ ਨੇ ਹਜ਼ਰਤ ਮੀਆਂ ਮੀਰ ਦੀ ਚੋਣ ਕੀਤੀ ਤਾਕਿ ਵੱਖ ਵੱਖ ਧਰਮਾਂ ਵਿਚ ਅੰਦਰੂਨੀ ਸਾਂਝ ਬਣੇ ਅਤੇ ਹਰ ਮਾਨਵ ਦਾ ਮਾਣ-ਸਤਿਕਾਰ ਹੋਵੇ। ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਹਨ ਜੋ ਹਰ ਦਿਸ਼ਾ - ਉੱਤਰ, ਪੂਰਬ, ਦੱਖਣ ਅਤੇ ਪੱਛਮ - ਵੱਲ ਖੁੱਲ੍ਹਦੇ ਹਨ। ਇਹਨਾਂ ਦਰਵਾਜ਼ਿਆਂ ਦਾ ਸੰਕੇਤ ਹੈ ਕਿ ਕਿਸੇ ਵੀ ਦਿਸ਼ਾ ਵਲੋਂ ਕੋਈ ਵੀ ਮਨੁੱਖ/ਔਰਤ ਇਸ ਰੱਬ ਦੇ ਘਰ ਵਿਚ ਦਾਖਲ ਹੋ ਸਕਦੇ ਹਨ। ਹਰਿਮੰਦਰ ਸਾਹਿਬ ਦੀ ਉਸਾਰੀ ੧੫੮੮ ਵਿਚ ਸ਼ੁਰੂ ਹੋਈ ਅਤੇ ੧੬੦੧ ਈਸਵੀ ਵਿਚ ਇਸਦੀ ਅੰਤਮ ਰੂਪ ਵਿਚ ਸੰਪੂਰਨਤਾ ਹੋਈ। ਸੰਪੂਰਨਤਾ ਹੋਣ ਤੇ ਇਸ ਨਗਰ ਦਾ ਨਾਮ ਅੰਮ੍ਰਿਤਸਰ ਜਾਣਿਆ ਜਾਣ ਲੱਗਾ। ਪੰਜਵੇ ਅਤੇ ਛੇਵੇਂ ਨਾਨਕ ਨੇ ਇਸ ਸੁਹਿਰ ਨੂੰ ਹੋਰ ਵਧਾਉਣਾ ਸ਼ੁਰੂ ਕੀਤਾ। ਲਗਾਤਾਰ ਵੱਧ ਰਹੀ ਯਾਤਰੂਆਂ ਦੀ ਗਿਣਤੀ ਦੀ ਸਹੂਲਤ ਲਈ ਆਸ ਪਾਸ ਵਿਚ ਖੂਹ ਅਤੇ ਬਾਉਲੀਆ ਬਨਵਾਈਆਂ ਗਈਆਂ। ਹਰਿਮੰਦਰ ਸਾਹਿਬ ਦੇ ਦੱਖਣ-ਪੂਰਬੀ ਪਾਸੇ 'ਗੁਰੂ ਕਾ ਬਾਗ਼' ਬਣਵਾਇਆ ਗਿਆ। ਇਰਦ ਗਿਰਦ ਦੇ ਇਲਾਕਿਆਂ ਦਾ ਵਿਕਾਸ ਬਾਜ਼ਾਰ, ਬਾਗ਼ ਅਤੇ ਰਿਹਾਇਸ਼ੀ ਵਸੋਂ ਵਜੋਂ ਕੀਤੀ ਗਈ। ਪੰਜਵੇਂ ਨਾਨਕ ਵੀ ਇਹਨਾਂ ਵਿਚੋਂ ਇਕ ਨਵੇਂ ਬਣੇ ਰਿਹਾਇਸ਼ੀ ਮਕਾਨ ਵਿਚ ਰਹਿੰਦੇ ਸਨ।

ਮਹਾਰਾਜਾ ਰਣਜੀਤ ਸਿੰਘ ਇਸ ਗੁਰਦੁਆਰਾ ਹਰਿਮੰਦਰ ਸਾਹਿਬ ਦੀ ਸਰਪ੍ਰਸਤੀ ਕਰਨ ਵਿਚ ਬਹੁਤ ਖੁਲ੍ਹ-ਦਿਲੀ ਸਹਿਤ ਸ਼ਰਧਾ-ਭਰਪੂਰ ਦਇਆਲੁ ਸਨ। ਆਮ ਸਿੱਖਾਂ ਦੀ ਤਰ੍ਹਾਂ ਉਹ ਹਰਿਮੰਦਰ ਸਾਹਿਬ ਪ੍ਰਤੀ ਆਪਣੇ ਹਿਰਦੇ ਵਿਚ ਵਿਸ਼ੇਸ ਸਥਾਨ ਰਖਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਟਨਾਂ ਦੇ ਹਿਸਾਬ ਨਾਲ ਸੋਨਾ ਦਾਨ ਕਰਕੇ ਹਰਿਮੰਦਰ ਸਾਹਿਬ ਦੀਆਂ ਉਪਰਲੀਆਂ ਦੋ ਛੱਤਾਂ ਦਾ ਆਲਾ ਦੁਆਲਾ ਸੁਨਹਿਰੀ ਪਤਰਿਆਂ ਨਾਲ ਸੁਸ਼ੋਭਤ ਕੀਤਾ। ਸ਼ਾਨਦਾਰ ਗੁੰਬਦ ਜੋ ਇਕ ਉਲਟੇ ਕਮਲ ਦੇ ਰੂਪ ਵਿਚ ਬਣਿਆ ਹੋਇਆ ਹੈ ਅਤੇ ਇਸ ਸ਼ੀਸ਼ ਮਹਿਲ ਉੱਪਰ ਚੂੜੀਦਾਰ ਘਰੇ ਦੇ ਰੂਪ ਵਿਚ ਹੈ, ਸਿਰਫ਼ ਇਸੇ ਦਾ ਘੇਰਾ ਸੁਸ਼ੋਭਤ ਕਰਨ ਲਈ ਇਸ ਕੀਮਤੀ ਧਾਤ ਦੇ ੨੨੦ ਪੌਂਡ ਦੀ ਵਰਤੋਂ ਕੀਤੀ ਗਈ।

.....................................................................................................

(ਮਾਰਚ ੨੦੦੫ ਤੋਂ ਐਸ ਜੀ ਪੀ ਸੀ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲਡਨ ਟੈਂਪਲ ਕਹਿਣ ਤੋਂ ਸਿੱਖਾਂ ਨੂੰ ਮਨ੍ਹਾਂ ਕੀਤਾ ਹੈ)।

(੪) ਹਜ਼ਰਤ ਮੀਆਂ ਮੀਰ ਦਾ ਜਨਮ ੧੫੫੦ ਈ: ਵਿਚ ਹੋਇਆ। ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ ਰਖਣ ਵੇਲੇ ਉਹਨਾਂ ਦੀ ਆਯੂ ੩੮ ਸਾਲ ਦੀ ਸੀ। ੮੫ ਸਾਲ ਦੀ ਉਮਰ ਭੋਗ ਕੇ ਉਹ ੧੬੩੫ ਈ: ਵਿਚ ਅਕਾਲ ਚਲਾਣਾ ਕਰ ਗਏ। ਜੋਤੀ ਜੋਤ ਸਮਾਏ: ੩੦ ਮਈ, ੧੬੦੬ (੧੬੦੬), ਲਹੌਰ, ਪਾਕਿਸਤਾਨ ਵਿਖੇ।

*********************************************

## ੭. ਗੁਰੂ ਅਰਜਨ ਸਾਹਿਬ ਜੀ ਦੀ ਸ਼ਾਦੀ

੧੫੮੯ ਈਸਵੀ (ਉਮਰ ੨੬ ਸਾਲ): ਅਰਜਨ ਸਾਹਿਬ ਜੀ ਦੀ ਸ਼ਾਦੀ ਮਾਤਾ ਗੰਗਾ ਜੀ ਨਾਲ ੧੯ ਜੂਨ, ੧੫੮੯ ਨੂੰ ਹੋਈ। ਮਾਤਾ ਗੰਗਾ ਜੀ ਭਾਰਤ ਦੇ ਮਊ ਪਿੰਡ ਦੇ ਰਹਿਣ ਵਾਲੇ ਭਾਈ ਕ੍ਰਿਸ਼ਨ ਚੰਦ ਦੀ ਬੇਟੀ ਸਨ। ਅਰਜਨ ਦੇਵ ਜੀ ਸ਼ਾਦੀ ਤੋਂ ਇਕ ਦਿਨ ਪਹਿਲਾਂ ਉਥੇ ਪਹੁੰਚੇ। ਇਹ ਪਿੰਡ ਹੁਣ ਮਾਤਾ ਗੰਗਾ ਜੀ ਅਤੇ ਅਰਜਨ ਦੇਵ ਜੀ ਦੀ ਸ਼ਾਦੀ ਕਾਰਨ ਮਸ਼ਹੂਰ ਹੈ। ਸ਼ਾਦੀ ਹੋਣ ਵਾਲੇ ਸਥਾਨ ਤੇ ਅੱਜ ਕਲ੍ਹ ਗੁਰਦੁਆਰਾ ਬਿਲਗਾ ਸੁਸ਼ੋਭਤ ਹੈ। ਅਰਜਨ ਸਾਹਿਬ ਜੀ ਦਾ ਚੋਲਾ, ਪਜਾਮਾ, ਬਟੂਆ, ਦੁਸ਼ਾਲਾ, ਸਿਮਰਨਾ ਅਤੇ ਚੌਂਕੀ ਇਸ ਗੁਰਦੁਆਰੇ ਵਿਚ ਸੁਸ਼ੋਭਤ ਹਨ। ਮਾਤਾ ਗੰਗਾ ਜੀ ਅਤੇ ਅਰਜਨ ਦੇਵ ਜੀ ਦੀ ਸ਼ਾਦੀ ਦੀ ਯਾਦ ਵਿਚ ਹਰ ਸਾਲ ਤਿੰਨ ਦਿਨਾਂ ਵਾਸਤੇ ਇਕ ਬਹੁਤ ਵੱਡਾ ਮੇਲਾ ਲੱਗਦਾ ਹੈ। ਮੇਲੇ ਦੇ ਆਖਰੀ ਦਿਨ ਗੁਰੂ ਸਾਹਿਬ ਜੀ ਦੇ ਪਾਵਨ ਬਸਤਰਾਂ ਦਾ ਜਲੌ ਆਮ ਸੰਗਤਾਂ ਦੇ ਦਰਸ਼ਨਾਂ ਲਈ ਸਜਾਇਆ ਜਾਂਦਾ ਹੈ।

੧੫੯੦ ਈ (ਉਮਰ ੨੭ ਸਾਲ): ੧੯ ਜੂਨ, ੧੫੯੦ ਨੂੰ ਗੁਰੂ ਜੀ ਦੇ ਇਕਲੌਤੇ ਸਪੁੱਤਰ (ਗੁਰੂ) [੫]ਹਰਿਗੋਬਿੰਦ ਜੀ ਨੇ ਜਨਮ ਲਿਆ।

*******************************************************************************

(੫) ਇਹ ਕਹਾਣੀ ਝੂਠੀ ਹੈ ਕਿ ਹਰਿਗੋਬਿੰਦ ਜੀ ਦਾ ਜਨਮ ਬਾਬਾ ਬੁੱਢਾ ਜੀ ਦੀ ਬਖ਼ਸ਼ਸ਼ ਸਦਕਾ ਹੋਇਆ। ਇਹ ਸਿੱਖੀ ਸਿਧਾਂਤਾਂ ਦੇ ਉਲਟ ਹੈ। ਇਸਤਰ੍ਹਾਂ ਇਹ ਵੀ ਮੰਨਿਆ ਜਾਂਦਾ ਹੈ ਕਿ ਗੁਰੂ ਅਰਜਨ ਸਾਹਿਬ ਜੀ ਅਜਿਹੀ ਸ਼ਕਤੀ ਦੇ ਯੋਗ ਨਹੀਂ ਸਨ। ਇਹ ਕਿਸੇ ਦਾ ਆਪਣਾ ਖਿਆਲ ਹੀ ਹੈ ਜਿਹੜਾ ਬ੍ਰਾਹਮਣੀ ਭਾਵਨਾਵਾਂ ਅਧੀਨ ਵਰ ਅਤੇ ਸਰਾਪਾਂ ਦੀਆਂ ਮਨੁੱਖੀ ਘਾੜਤਾਂ ਨੂੰ ਮੰਨਦਾ ਹੈ।

**************************************************

# ੮. ਭਾਈ ਮੰਝ

ਭਾਈ ਮੰਝ ਦਾ ਅਸਲੀ ਨਾਮ ਤੀਰਥਾ ਸੀ ਪਰ ਉਹ ਆਮ ਕਰਕੇ ਆਪਣੇ ਆਖਰੀ ਨਾਮ

'ਮੰਝ' ਨਾਲ ਜਾਣਿਆ ਜਾਂਦਾ ਸੀ। ਉਹ ਹੁਸ਼ਿਆਰਪੁਰ ਦਾ ਵਾਸੀ ਸੀ ਅਤੇ 'ਸਖੀ ਸਰਵਰ' ਦਾ ਪੈਰੋਕਾਰ ਸੀ। ਆਪਣੇ ਇਸ ਧਰਮ ਦੇ ਪਰਚਾਰ ਲਈ ਉਸਨੇ ਆਪਣੇ ਨੇੜੇ ਦੇ ਪਿੰਡਾਂ ਵਿਚ 'ਪੀਰਖਾਨੇ' (ਪੂਜਾ ਸਥਾਨ) ਬਣਵਾਏ। ਇਕ ਵਾਰ ਭਾਈ ਮੰਝ ਨਿਗਾਹਾ ਪੀਰ ਦੇ ਤੀਰਥ ਦੀ ਯਾਤਰਾ ਕਰਨ ਲਈ ਚੱਲ ਪਿਆ। ਉਸਦੇ ਦੋਸਤ ਮਿੱਤਰ ਅਤੇ ਹੋਰ ਪ੍ਰਸੰਸਕ ਵੀ ਉਸਦੇ ਨਾਲ ਸਨ। ਵਾਪਸ ਘਰ ਨੂੰ ਆਉਂਦਿਆ, ਉਹ ਇਕ ਸਿੱਖ ਨੂੰ ਮਿਲਿਆ ਜਿਹੜਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹ ਰਿਹਾ ਸੀ। ਗੁਰਬਾਣੀ ਦੀਆਂ ਸੰਗੀਤਮਈ ਤੁਕਾਂ ਤੋਂ ਉਹ ਬਹੁਤ ਪ੍ਰਭਾਵਤ ਹੋਇਆ ਅਤੇ ਗੁਰ੍ਹ ਜੀ ਨੂੰ ਮਿਲਣ ਦੀ ਖਾਹਸ਼ ਪਰਗਟ ਕੀਤੀ। ਉਸ ਸਿੱਖ ਨੇ ਦਸਿਆ ਕਿ ਇਸ ਵੇਲੇ ਗੁਰੁ ਨਾਨਕ ਦੇ ਸਥਾਨ ਤੇ ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਸਿੱਖਾਂ ਦੀ ਅਗਵਾਈ ਕਰ ਰਹੇ ਹਨ ਅਤੇ ਅੰਮ੍ਰਿਤਸਰ ਸ਼ਹਿਰ ਵਿਚ ਰਹਿ ਰਹੇ ਹਨ। ਸਮਾਂ ਬਰਬਾਦ ਨਾ ਕਰਦਿਆਂ, ਭਾਈ ਮੰਝ ਨੇ ਆਪਣੇ ਸਾਥੀਆਂ ਤੋਂ ਛੁੱਟੀ ਲਈ ਅਤੇ ਅੰਮ੍ਰਿਤਸਰ ਪਹੁੰਚ ਗਿਆ। ਗੁਰੁ ਜੀ ਸਰੋਵਰ ਦੀ ਉਸਾਰੀ ਵਿਚ ਰੁੱਝੇ ਹੋਏ ਸਨ। ਭਾਈ ਮੰਝ ਨੇ ਗੁਰੂ ਦੇ ਲੰਗਰ ਵਾਸਤੇ ਲਕੜੀਆਂ ਇਕੱਠੀਆਂ ਕਰਨ ਦੀ ਸੇਵਾ ਕਰਨੀ ਸ਼ੁਰੂ ਕਰ ਦਿਤੀ। ਇਕ ਦਿਨ ਜਦ ਉਹ ਆਪਣੇ ਸਿਰ ਤੇ ਚੁੱਕੀ ਲਕੜੀਆਂ ਦੀ ਪੰਡ ਲੈ ਕੇ ਜੰਗਲ ਤੋਂ ਵਾਪਸ ਮੁੜ ਰਿਹਾ ਸੀ ਤਾਂ ਉਸ ਵੇਲੇ ਤੂਫ਼ਾਨ ਆ ਗਿਆ। ਇਹ ਤੂਫ਼ਾਨ ਇਤਨਾ ਤੇਜ਼ ਸੀ ਕਿ ਕਿਧਰੇ ਵੀ ਰਸਤਾ ਦਿਖਾਈ ਨਹੀਂ ਦਿੰਦਾ ਸੀ। ਤੇਜ਼ ਹਵਾ ਦੇ ਝੌਂਕੇ ਨਾਲ ਭਾਈ ਮੰਝ ਇਕ ਬੇ-ਆਬਾਦ ਖੂਹ ਵਿਚਲੇ ਪਾਣੀ ਵਿਚ ਡਿੱਗ ਪਿਆ। ਜਦ ਉਹ ਖੂਹ ਵਿਚ ਹੀ ਸੀ ਤਾਂ ਉਸਨੇ ਲਕੜੀਆਂ ਦੀ ਪੰਡ ਨੂੰ ਸਿਰ ਤੋਂ ਡਿੱਗਣ ਨਾ ਦਿਤਾ ਤਾਕਿ ਲਕੜੀਆ ਗੁਰੂ ਜੀ ਦੇ ਲੰਗਰ ਵਿਚ ਵਰਤਣ ਲਈ ਸੁੱਕੀਆ ਰਹਿ ਸਕਣ। ਭਾਈ ਮੰਝ ਸਾਰੀ ਰਾਤ ਖੂਹ ਵਿਚ ਹੀ ਟਿਕਿਆ ਰਿਹਾ ਅਤੇ ਲਗਾਤਾਰ ਗੁਰੂ ਜੀ ਦਾ ਨਾਮ ਜਪਦਾ ਰਿਹਾ। ਚੰਗੀ ਕਿਸਮਤ ਨੂੰ, ਉਸ ਪਾਸੇ ਦੇ ਇਕ ਕਿਸਾਨ ਨੇ ਲਾਗਿਓਂ ਲੰਘਦਿਆ ਭਾਈ ਮੰਝ ਨੂੰ ਦੇਖਿਆ। ਉਸਨੇ ਜਲਦੀ ਨਾਲ ਪੰਜਵੇਂ ਨਾਨਕ ਗੁਰੂ ਅਰਜਨ ਜੀ ਨੂੰ ਸੂਚਨਾ ਦਿਤੀ। ਗੁਰੂ ਜੀ ਨੇ ਆਪਣੇ ਨਾਲ ਕੁਝ ਸਿੱਖ ਲਏ ਅਤੇ ਭਾਈ ਮੰਝ ਨੂੰ ਬਚਾਉਣ ਲਈ ਆਪ ਆਏ। ਸਿੱਖਾਂ ਨੇ ਭਾਈ ਮੰਝ ਵੱਲ ਇਕ ਰੱਸਾ ਸੁੱਟਿਆ ਅਤੇ ਰੱਸੇ ਨੂੰ ਪਕੜ ਕੇ ਉਪਰ ਆ ਜਾਣ ਲਈ ਉਸਨੂੰ ਕਿਹਾ। ਭਾਈ ਮੰਝ ਨੇ ਲਕੜੀਆਂ ਦੀ ਪੰਡ ਨੂੰ ਪਹਿਲਾਂ ਅਤੇ ਆਪ ਬਾਅਦ ਵਿਚ ਬਾਹਰ ਆਉਣ ਤੇ ਜ਼ੋਰ ਦਿਤਾ। ਭਾਈ ਮੰਝ ਦੀ ਇਸ ਸ਼ਰਧਾ-ਭਰਪੂਰ ਪ੍ਰਤੱਗਿਆ ਅਤੇ ਸੇਵਾ ਤੇ ਗੁਰੂ ਜੀ ਬਹੁਤ ਖ਼ੁਸ਼ ਹੋਏ। ਗੁਰੂ ਜੀ ਨੇ ਭਾਈ ਮੰਝ ਨੂੰ ਪ੍ਰਚਾਰਕ ਨਿਯੁੱਕਤ ਕਰ ਦਿਤਾ ਅਤੇ ਆਪਣੇ ਪਿੰਡ ਜਾ ਕੇ ਸਿੱਖੀ ਦਾ ਪਰਚਾਰ ਕਰਨ ਦਾ ਆਦੇਸ਼ ਕੀਤਾ। ………………………………………………………………………..

## ੯. ਪਾਵਨ ਪੁਸਤਕਾਂ ਦਾ ਸਿਰਫ਼ ਪੜ੍ਹਨਾ ਹੀ ਸਹਾਇਕ ਨਹੀਂ ਹੁੰਦਾ

ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਲਈ ਇਕ ਵਾਰ ਇਕ ਬ੍ਰਾਹਮਣ ਹਿੰਦੂਆਂ ਦੇ ਤੀਰਥ ਸਥਾਨ ਬਨਾਰਸ ਸ਼ਹਿਰ ਤੋਂ ਆਇਆ। ਉਸਨੇ ਆਪਣੇ ਨੌ-ਜੁਆਨ ਪੁੱਤਰ ਨੂੰ ਵੀ ਨਾਲ ਲਿਆਂਦਾ ਅਤੇ ਆਪਣੇ ਨਾਲ ਕੁਝ ਧਾਰਮਿਕ ਪੁਸਤਕਾਂ ਵੀ ਲਿਆਂਦੀਆਂ। ਉਸਨੇ ਉਹ ਕਿਤਾਬਾਂ ਸਿੱਖਾ ਦੇ ਪੜ੍ਹਨ ਲਈ ਗੁਰੂ ਜੀ ਤੋਂ ਆਗਿਆ ਮੰਗੀ ਅਤੇ ਗੁਰੂ ਜੀ ਇਸ ਲਈ ਤੁਰੰਤ ਮੰਨ ਗਏ। ਉਸਦਾ ਵਿਸ਼ਵਾਸ ਸੀ ਕਿ ਉਹ ਹਿੰਦੂ ਧਰਮ ਦੇ ਉੱਚ-ਆਦਰਸ਼ਾਂ ਬਾਰੇ ਸਿੱਖਾਂ ਨੂੰ ਪ੍ਰਭਾਵਤ ਕਰ ਸਕੇਗਾ। ਨਾਲ ਹੀ, ਉਸਨੇ ਸਿੱਖਾਂ ਕੋਲੋਂ ਕੁਝ ਮਾਇਕ ਸਹਾਇਤਾ ਦੇ ਤੌਰ ਤੇ ਭੇਟਾ ਦੀ ਵੀ ਉਮੀਦ ਕੀਤੀ ਹੋਵੇਗੀ। ਪਰ ਉਹਨਾਂ ਪੁਸਤਕਾਂ ਦੇ ਪੜ੍ਹਨ ਨਾਲ ਸਿੱਖਾਂ ਤੇ ਕੋਈ ਮਨਚਾਹਿਆ ਪ੍ਰਭਾਵ ਨਾ ਬਣਿਆ। ਆਪਣੇ ਮੰਤਵ ਦੀ ਪੂਰਤੀ ਹਿਤ ਉਸ ਬ੍ਰਾਹਮਣ ਨੇ ਬਨਾਰਸ ਤੋਂ ਹੋਰ ਕਿਤਾਬਾਂ ਮੰਗਵਾਉਣ ਬਾਰੇ ਸੋਚਿਆ ਅਤੇ ਆਪਣੇ ਪੁੱਤਰ ਨੂੰ ਬਨਾਰਸ ਭੇਜਣ ਲਈ ਉਸਨੇ ਗੁਰ੍ਰ ਜੀ ਤੋਂ ਆਗਿਆ ਮੰਗੀ। ਗੁਰੂ ਜੀ ਮੰਨ ਗਏ। ਬ੍ਰਾਹਮਣ ਨੇ ਆਪਣੇ ਪੁੱਤਰ ਨੂੰ ਭੇਜਣ ਲਈ ਸੁਭਾਗ ਸਮਾਂ ਜਾਨਣ ਲਈ ਪੁਸਤਕਾਂ ਫਰੋਲੀਆ। ਗਿਣੇ ਮਿਥੇ ਸਮੇਂ ਅਨੁਸਾਰ, ਉਸਨੇ ਦੇਵੀ-ਦੇਵਤਿਆਂ ਦੇ ਆਸ਼ੀਰਵਾਦ ਲਈ ਉਹਨਾਂ ਦੀ ਆਰਾਧਨਾ ਕੀਤੀ। ਬਿਲਕੁਲ ਠੀਕ ਸਮੇਂ ਤੇ ਉਹ ਆਪਣੇ ਪੁੱਤਰ ਨੂੰ ਸ਼ਹਿਰ ਦੇ ਬਾਹਰ ਛੱਡਣ ਲਈ ਗਿਆ। ਬਦਕਿਸਮਤੀ ਨੂੰ, ਉਸ ਪੁੱਤਰ ਨੂੰ ਦੇਖ ਕੇ ਇਕ ਖੋਤੇ ਨੇ ਹਵਾਂਕਣਾ ਸ਼ੁਰੂ ਕਰ ਦਿਤਾ। ਬ੍ਰਾਹਮਣ ਨੇ ਇਸਨੂੰ ਬਦਸ਼ਗਣ ਸਮਝਿਆ। ਜਾਣ ਵਾਸਤੇ ਠੀਕ ਸਮੇਂ ਦੀ ਉਡੀਕ ਵਿਚ ਉਹ ਆਪਣੇ ਪੁਤੱ ਰ ਨੂੰ ਨਾਲ ਲੈ ਕੇ ਵਾਪਸ ਆ ਗਿਆ। ਸਿੱਖਾਂ ਨੇ ਉਸਨੂੰ ਵਾਪਸ

ਆਉਣ ਦਾ ਕਾਰਨ ਪੁਛਿਆ। ਜਦ ਉਸਨੇ ਦਸਿਆ ਤਾਂ ਸਾਰੇ ਪਾਸੇ ਹਾਸਾ ਪੈ ਗਿਆ। ਗੁਰੂ ਜੀ ਨੇ ਪੁਛਿਆ ਕਿ ਖੋਤੇ ਦੇ ਹਵਾਂਕਣ ਨਾਲ ਪਾਵਨ ਪੁਸਤਕਾਂ ਦੇ ਪੜ੍ਹਨ ਦਾ ਪ੍ਰਭਾਵ ਅਤੇ ਦੇਵਤਿਆਂ ਪ੍ਰਤੀ ਆਰਾਧਨਾ ਦਾ ਅਸਰ ਕਿਵੇਂ ਖਤਮ ਹੋ ਗਿਆ। ਫਿਰ ਗੁਰੂ ਜੀ ਨੇ ਦਸਿਆ ਕਿ ਕਿਤਾਬਾਂ ਨੂੰ ਸਿਰਫ਼ ਪੜ੍ਹ ਲੈਣ ਨਾਲ ਕੋਈ ਫ਼ਾਇਦਾ ਨਹੀਂ ਹੁੰਦਾ। ਪਾਵਨ-ਪਵਿੱਤਰ ਕਿਤਾਬਾਂ ਨੂੰ ਪੜ੍ਹ ਕੇ ਅਤੇ ਫਿਰ ਸਮਝ ਕੇ ਉਹਨਾਂ ਵਿਚੋਂ ਮਿਲੀ ਸਿਖਿਆ ਅਨੁਸਾਰ ਆਪਣੇ ਵਿਵਹਾਰ ਨੂੰ ਸੁਧਾਰਨਾ ਹੁਦੰ ਾ ਹੈ। ਸਿੱਖ ਧਰਮ ਵਿਚ ਚੰਗੇ ਜਾਂ ਮਾੜੇ ਸ਼ਗਨ/ਅਪਸ਼ਗਨਾਂ ਦੇ ਵਿਸ਼ਵਾਸ ਤੇ ਕੋਈ ਜ਼ੋਰ ਨਹੀਂ ਦਿਤਾ ਜਾਂਦਾ। ਜੀਵਨ ਵਿਚ ਚੰਗੇ ਕਰਮਾਂ ਦਾ ਉਪਜਾਉਣਾ ਅਤੇ ਉਹਨਾਂ ਦਾ ਅਭਿਆਸ ਕਰਨਾ ਜ਼ਰੂਰੀ ਹੁੰਦਾ ਹੈ। ਅਜਿਹੇ ਵਿਸ਼ਵਾਸਾਂ ਪ੍ਰਤੀ ਭਾਈ ਗੁਰਦਾਸ ਜੀ ਦੀ ਵਿਸ਼ੇਸ਼ ਵਾਰ ਹੈ। ਇਹ ਬ੍ਰਾਹਮਣੀ ਰੀਤੀ-ਰਿਵਾਜ ਹਨ ਜਿਹਨਾਂ ਨੂੰ ਵਰਤ ਕੇ ਉਹ ਆਪਣੇ ਨਿੱਜੀ ਖੁਦਗਰਜ਼-ਮੰਤਵਾਂ ਲਈ ਲੋਕਾਂ ਨੂੰ ਬੇਵਾਕੂਫ਼ ਬਣਾਉਂਦੇ ਹਨ।

******************************************

# ੧੦. ਬੀਮਾਰੀਆ ਦਾ ਇਲਾਜ ਦਵਾਈਆ ਨਾਲ ਕਰੋ

੧੫੯੮-੧੬੦੧ ਈਸਵੀ (ਉਮਰ ੩੫-੩੮ ਸਾਲ): ਇਹਨਾਂ ਸਾਲਾਂ ਵਿਚ ਪੰਜਾਬ ਦੇ ਮਾਝਾ ਖੇਤਰ ਵਿਚ ਇਕ ਕਰੜਾ ਕਾਲ ਪੈ ਗਿਆ। ਜਿਵੇਂ ਕਿ ਲੋਕਾਂ ਨੂੰ ਖਾਣ ਲਈ ਕਾਫ਼ੀ ਨਾ ਮਿਲ ਸਕਿਆ, ਉਹ ਸਰੀਰਕ ਤੌਰ ਤੇ ਕਮਜ਼ੋਰ ਹੋ ਗਏ, ਕੁਝ ਬੀਮਾਰ ਪੈ ਗਏ ਅਤੇ ਬਹੁਤ ਸਾਰੇ ਮਰ ਗਏ। ਗੁਰੂ ਜੀ ਨੇ ਕਮਜ਼ੋਰਾਂ ਦੀ ਹਰ ਸੰਭਵ ਤਰੀਕੇ ਨਾਲ ਸਹਾਇਤਾ ਕੀਤੀ ਅਤੇ ਮਰਿਆਂ ਦੀਆ ਲਾਸ਼ਾ ਨਿਪਟਾਉਣ ਵਿਚ ਵੀ ਮਦਦ ਕੀਤੀ। ਹੈਜ਼ਾ ਅਤੇ ਚੇਚਕ ਵਰਗੀਆਂ ਮਾਰੂ ਬੀਮਾਰੀਆ ਦੂਰ ਦੂਰ ਤੱਕ ਫੈਲ ਗਈਆਂ। ਚੇਚਕ ਦਾ ਬਹੁਤਾ ਅਸਰ ਖਾਸ ਕਰਕੇ ਬਚਿਆਂ ਤੇ ਹੁੰਦਾ ਹੈ। ਪੰਜਵੇਂ ਨਾਨਕ ਦੇ ਸਪੁੱਤਰ ਹਰਿਗੋਬਿੰਦ ਜੀ ਵੀ ਜੋ ਉਸ ਸਮੇਂ ਪੰਜ ਸਾਲ ਦੇ ਸਨ, ਉਹ ਵੀ ਚੇਚਕ ਦੇ ਸ਼ਿਕਾਰ ਹੋ ਡਏ। ਇਹ ਬੀਮਾਰੀ ਜੀਵਨ-ਮਾਰੂ ਹੈ ਅਤੇ ਕਈ ਆਪਣੀ ਅੱਖਾਂ ਦੀ ਨਜ਼ਰ ਵੀ ਗੁਆ ਬੈਠਦੇ ਹਨ। ਚਲੰਤ ਭਰਮਾਂ ਕਾਰਨ, ਅਨਪੜ੍ਹ ਲੋਕ ਚੇਚਕ ਨੂੰ ਇਕ ਬੀਮਾਰੀ ਨਹੀਂ ਸਮਝਦੇ ਸਨ। ਉਹ ਸਮਝਦੇ ਸਨ ਕਿ ਇਹ ਕਿਸੇ ਦੇਵੀ (ਮਾਤਾ) ਦਾ ਕਹਿਰ ਹੈ। ਉਹ ਉਸ ਦੇਵੀ ਦੀ ਪ੍ਰਸੰਸਾ ਦੇ ਭਜਨ ਗਾਉਂਦੇ ਤਾਕਿ ਉਹ ਕਿਧਰੇ ਨਰਾਜ਼ ਹੋ ਕੇ ਬੀਮਾਰ ਵਿਅੱਕਤੀ ਦਾ ਨੁਕਸਾਨ ਨਾ ਕਰੇ।

ਅਨਪੜ੍ਹ ਲੋਕਾਂ ਨੇ ਹਰ ਪਿੰਡ ਦੇ ਬਾਹਰ ਉਸ ਚੀਚਕ ਦੀ ਦੇਵੀ ਨੂੰ ਸਮਰਪਿਤ ਇਕ ਛੋਟਾ ਜਿਹਾ ਮੰਦਰ ਬਣਾਇਆ। ਜਦੋਂ ਵੀ ਕੋਈ ਇਸ ਬੀਮਾਰੀ ਨਾਲ ਬੀਮਾਰ ਹੁੰਦਾ, ਉਸਨੂੰ ਵਿਸ਼ੇਸ਼ ਕਰਕੇ ਉਸ ਮੰਦਰ ਵਿਚ ਲਿਜਾਇਆ ਜਾਂਦਾ, ਦੇਵੀ ਨੂੰ ਖੁਸ਼ ਕਰਨ ਲਈ ਉਸ ਦੀ ਪ੍ਰਸੰਸਾ ਦੇ ਭਜਨ ਗਾਏ ਜਾਂਦੇ ਅਤੇ ਇਲਾਜ ਵਾਸਤੇ ਪ੍ਰਾਰਥਨਾ ਕੀਤੀ ਜਾਂਦੀ।

ਅੰਮ੍ਰਿਤਸਰ ਸ਼ਹਿਰ ਭਾਵੇਂ ਸਿੱਖ ਗੁਰੂਆ ਨੇ ਬਣਾਇਆ, ਪਰ ਹਰ ਕਿਸੇ ਨੂੰ - ਹਿੰਦੂ ਅਤੇ ਮੁਸਲਮਾਨਾਂ ਨੂੰ - ਆਪਣਾ ਆਪਣਾ ਧਰਮ ਅਤੇ ਵਿਸ਼ਵਾਸ ਪਾਲਣ ਦਾ ਅਧਿਕਾਰ ਸੀ। ਹਿੰਦੂਆਂ ਨੇ ਸ਼ਹਿਰ ਦੇ ਬਾਹਰ ਚੀਚਕ ਦੇਵੀ ਨੂੰ ਸਮਰਪਿਤ ਇਕ ਮੰਦਰ ਵੀ ਬਣਾਇਆ ਸੀ। ਗੁਰੂ ਜੀ ਦੇ ਸ਼ੁਭ-ਚਿੰਤਕ ਬੜੀ ਸੁਹਿਰਦਤਾ ਸਹਿਤ ਗੁਰੂ ਜੀ ਕੋਲ ਆਏ ਅਤੇ ਬੱਚੇ ਹਰਿਗੋਬਿੰਦ ਨੂੰ ਉਸ ਮੰਦਰ ਵਿਚ ਲਿਜਾਣ ਲਈ ਕਿਹਾ ਤਾਕਿ ਉਹ ਤੰਦਰੁਸਤ ਹੋ ਜਾਵੇ। ਪੰਜਵੇਂ ਨਾਨਕ ਨੇ ਹਰ ਕਿਸੇ ਨੂੰ ਸਮਝਾਇਆ ਕਿ ਬੀਮਾਰੀ ਨੂੰ ਦੇਵੀ-ਦੇਵਤਿਆਂ ਨਾਲ ਜੋੜਨਾ ਇਕ ਝੂਠਾ ਵਿਸ਼ਵਾਸ ਹੈ। ਬੀਮਾਰੀ ਦਾ ਇਲਾਜ ਦਵਾਈਆ ਨਾਲ ਕੀਤਾ ਜਾਣਾ ਚਾਹੀਦਾ ਹੈ। ਬੀਮਾਰੀ ਦਾ ਇਲਾਜ ਕਰਨਾ ਹਰ ਘਰ ਦੇ ਮਾਲਕ ਦੀ ਜ਼ਿੰਮੇਦਾਰੀ ਹੈ। ਗੁਰੁ ਜੀ ਨੇ ਗੁਰਬਾਣੀ ਦੇ ਅਨੇਕ ਸ਼ਬਦਾਂ ਦੀ ਰਚਨਾ ਕੀਤੀ ਅਤੇ ਗਾਇਨ ਵੀ ਕੀਤਾ ਤਾਕਿ ਸਿੱਖਾਂ ਨੂੰ ਇਸ ਬੀਮਾਰੀ ਬਾਰੇ ਜਾਗਰੁਕ ਕੀਤਾ ਜਾ ਸਕੇ।

**********************************************

# ੧੧. ਸਿੱਖ ਗੁਰੂਆਂ ਦੀ ਪ੍ਰਸਿੱਧਤਾ

੧੫੯੮ ਈਸਵੀ (ਉਮਰ ੩੫ ਸਾਲ): ਗੁਰਅੂ ਾਂ ਦੀ ਸਿਖਿਆ ਦੀ ਰੌਸ਼ਨਮਈ ਅਗਵਾਈ ਸਦਕਾ, ਸਿੱਖੀ ਦੇ ਪੈਰੋਕਾਰਾਂ ਦੀ ਗਿਣਤੀ ਵਧਣ ਲੱਗੀ। ਅਜਿਹੇ ਦੁਖਦਾਈ ਸਮੇਂ ਵੇਲੇ ਗੁਰੂ ਜੀ ਵਲੋਂ ਸ਼ਾਤੀ ਅਤੇ ਸੁਰਮੇਲ ਦੇ ਸੰਦੇਸ਼ ਨਾਲ, ਜਦੋਂ ਕਿ ਮੁਗ਼ਲ ਆਮ ਲੋਕਾਂ ਤੇ ਕਹਿਰ ਢਾਹ ਰਹੇ ਸਨ, ਆਮ ਲੋਕਾਂ ਵਿਚ ਹਮਦਰਦੀ ਭਰੀ ਲਹਿਰ ਦੌੜ ਗਈ। ਹਿੰਦੂ ਅਤੇ ਮੁਸਲਿਮ ਦੋਵੇਂ ਹੀ ਗੁਰੂ ਜੀ ਦੇ ਸਦੇਸ਼ ਤੋਂ ਬਹੁਤ ਪ੍ਰਭਾਵਿਤ ਹੋਏ। ਨਵੇਂ ਬਣੇ ਹਰਿਮੰਦਰ ਸਾਹਿਬ ਵਿਚ ਲੋਕ ਵੱਡੀ ਗਿਣਤੀ ਵਿਚ ਗੁਰੂ ਜੀ ਦੀ ਸੰਗਤ ਵਿਚ ਆਉਣ ਲੱਗੇ। ਗੁਰੂ ਅਰਜਨ ਸਾਹਿਬ ਜੀ ਦੀ ਪ੍ਰਸਿੱਧਤਾ ਕਾਰਨ ਕੱਟੜ ਮੁਸਲਮਾਨਾਂ ਵਿਚ ਨਫ਼ਰਤ ਪੈਦਾ ਹੋ ਗਈ। ਵੱਡੀ ਗਿਣਤੀ ਵਿਚ ਲਕੋ ਾਂ ਨੇ ਸਿੱਖੀ ਧਾਰਣ ਕੀਤੀ; ਵਿਸ਼ੇਸ਼ ਕਰਕ੍ਰੇ ਹਿੰਦੂਆ ਵਿਚੋਂ ਅਤੇ ਕੁਝ ਮੁਸਲਮਾਨਾਂ ਵਿਚੋਂ ਵੀ। ਗੁਰੂ ਜੀ ਦੇ ਸੰਦੇਸ਼ ਦੀ ਪਵਿੱਤਰਤਾ ਅਤੇ ਉਹਨਾਂ ਦੀ ਅਥਾਹ ਪ੍ਰਸਿੱਧਤਾ ਕਾਰਨ, ਕਈ ਮੁਸਲਿਮ ਪੀਰ ਵੀ ਗੁਰੂ ਅਰਜਨ ਸਾਹਿਬ ਜੀ ਦੇ ਪੈਰੋਕਾਰ ਬਣ ਗਏ। ਹਿੰਦੂ ਸੰਤ, ਯੋਗੀ ਅਤੇ ਸਿੱਧ ਪੁਰਸ਼ ਵੀ ਸਿੱਖ ਧਰਮ ਦੇ ਅਨੁਯਾਈ ਅਤੇ ਪੈਰੋਕਾਰ ਹੋ ਗਏ। ਨਵ-ਜੀਵਨ ਵਿਚ ਉੱਭਰਦਾ ਹੋਇਆ ਸਿੱਖ ਧਰਮ, ਪਹਿਲੀ ਵਾਰ ਪੰਜਾਬ ਦਾ ਪ੍ਰਮੁੱਖ ਧਰਮ ਬਣ ਗਿਆ।

ਗੁਰੂ ਜੀ ਨੇ ਕਈ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਦੀ ਸਥਾਪਨਾ ਕੀਤੀ ਅਤੇ ਪੰਜਾਬ ਵਿਚ ਅਨੇਕਾਂ ਖੂਹ ਬਣਵਾਏ। ਸ਼ਾਂਤੀ ਅਤੇ ਖ਼ੁਸ਼ਹਾਲੀ ਇਸ ਖੇਤਰ ਵਿਚ ਇਕ ਵਾਰੀ ਫਿਰ ਮੁੜ ਪਰਤਣ ਲਗੀ। ਪੰਜਾਬ ਵਿਚ ਰਹਿੰਦੇ ਲੋਕ ਭਾਵੇਂ ਇਸ ਪ੍ਰਗਤੀ ਤੋਂ ਖ਼ੁਸ਼ ਸਨ, ਪਰ ਦਿੱਲੀ ਵਿਚ ਰਹਿੰਦੇ ਮੁਗ਼ਲ ਆਗੂ ਇਸ ਪਾਸਿਓਂ ਔਖੇ ਸਨ।

੧੫੯੮ ਵਿਚ ਗੁਰੂ ਜੀ ਨੇ ਸਤਾਨਕ ਕਿਸਾਨਾਂ ਦੀ ਤਰਫ਼ੋਂ ਅਕਬਰ ਬਾਦਸ਼ਾਹ ਨੂੰ ਜ਼ਮੀਨ ਦਾ ਵਾਧੂ ਟੈਕਸ ਘਟਾਉਣ ਲਈ ਬੇਨਤੀ ਕੀਤੀ। ਇਸ ਪਹਿਲ-ਕਦਮੀ ਨਾਲ ਗੁਰੂ ਜੀ ਨੂੰ ਇਕ ਵਿਸ਼ੇਸ਼ ਪਦਵੀ ਮਿਲ ਗਈ। ਗੁਰੂ ਅਰਜਨ ਸਾਹਿਬ ਜੀ 'ਸੱਚਾ ਪਾਤਸ਼ਾਹ' ਵਜੋਂ ਜਾਣੇ ਜਾਣ ਲੱਗੇ। ਗੁਰੂ ਜੀ ਦੁਨਿਆਵੀ ਰੂਪ ਵਿਚ ਅਤੇ ਅਧਿਆਤਮਿਕ ਤੌਰ ਤੇ ਵੀ ਸਿੱਖਾਂ ਦੀ ਅਗਵਾਈ ਅਤੇ ਪ੍ਰਬੰਧ ਨੂੰ ਪ੍ਰਭਾਵਤ ਕਰਨ ਲਈ ਆਏ ਸਨ। ਮੁਗ਼ਲ ਬਾਦਸ਼ਾਹ ਅਕਬਰ ਪਹਿਲਾਂ ਹੀ ਸਿੱਖ ਗੁਰੂਆਂ ਦੇ ਸਤਿਕਾਰ ਪ੍ਰਤੀ ਮਾਨਤਾ ਰਖਦਾ ਸੀ। ਆਪਣੇ ਇਕ ਦੌਰੇ ਸਮੇਂ, ਉਹ ਗੋਇੰਦਵਾਲ ਆਇਆ ਅਤੇ ਗੁਰੂ ਜੀ ਨੂੰ ਮਿਲਣ ਦੀ ਖਾਹਸ਼ ਜ਼ਾਹਰ ਕੀਤੀ। ਬਾਦਸ਼ਾਹ ਅਕਬਰ ਨੂੰ ਹੋਰਨਾਂ ਜਾਤਾਂ ਦੇ ਲੋਕਾਂ ਨਾਲ ਜ਼ਮੀਨ ਤੇ ਬੈਠਣਾ ਪਿਆ ਅਤੇ ਲੰਗਰ ਦਾ ਸਧਾਰਨ ਭੋਜਨ ਛਕਣਾ ਪਿਆ, ਅਤੇ ਫਿਰ ਹੀ ਉਹ ਗੁਰੂ ਅਮਰਦਾਸ ਜੀ ਨੂੰ ਮਿਲਣ ਦੇ ਯੋਗ ਹੋ ਸਕਿਆ। ਲਾਹੌਰ ਦਾ ਇਕ ਮੁਸਲਿਮ ਪੀਰ, ਸੰਤ ਮੀਆਂ ਮੀਰ, ਗੁਰੂ ਜੀ ਪ੍ਰਤੀ ਬਹੁਤ ਸਤਿਕਾਰ ਰਖਦਾ ਸੀ। ਅਕਬਰ ਵੀ ਉਸ ਪੀਰ ਦੀ ਰਾਏ ਅਤੇ ਉਸਦੇ ਸ਼ਬਦਾਂ ਦਾ ਬਹੁਤ ਮਾਣ ਸਤਿਕਾਰ ਕਰਦਾ ਸੀ। ਇਕ ਸਮੇਂ

ਮੀਆਂ ਮੀਰ ਦੇ ਕਹਿਣ ਤੇ ਬਾਦਸ਼ਾਹ ਅਕਬਰ ਨੇ ਗੁਰੂ ਜੀ ਦੇ ਵਿਰੋਧੀਆ (ਪਿਰਥੀ ਚੰਦ ਅਤੇ ਉਸਦੇ ਪੁੱਤਰ ਮੇਹਰਬਾਨ) ਵਲੋਂ ਲਗਾਏ ਦੂਸ਼ਣਾਂ ਨੂੰ ਬਰਤਰਫ਼ ਕਰ ਦਿਤਾ ਸੀ।

# ੧੨. ਆਦਿ ਗਰੰਥ ਸਾਹਿਬ

੧੬੦੪ ਈਸਵੀ (ਉਮਰ ੪੧ ਸਾਲ): ਇਸ ਸਮੇਂ ਤੱਕ ਹਰੇਕ ਗੁਰੂ ਜੀ ਦੀ ਬਾਣੀ ਅਲੱਗ ਅਲੱਗ ਸੀ, ਭਾਵੇਂ ਕਿ ਰਾਗਾਂ ਵਿਚ ਸੀ। ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਬਹੁਤ ਮਹੱਤਤਾ ਦਿਤੀ ਕਿਉਂਕਿ ਇਹ ਦਿਲ ਅਤੇ ਆਤਮਾ ਨੂੰ ਛੂੰਹਦਾ ਹੈ। ਉਹਨਾਂ ਨੇ ਸਾਰੀ ਬਾਣੀ ਦੀ ਰਚਨਾ ਰਾਗਾਂ ਵਿਚ ਕੀਤੀ ਅਤੇ ਰਬਾਬ ਦੇ ਸੰਗੀਤ ਸਹਿਤ ਗਾਇਨ ਵੀ ਕੀਤਾ। ਬਾਅਦ ਵਿਚ ਗੁਰੁ ਨਾਨਕ ਦੇ ਵਰੋਸਾਏ ਸਾਰੇ ਗੁਰੂਆਂ ਨੇ ਇਸ ਪਰੰਪਰਾ ਦਾ ਪਾਲਣ ਕੀਤਾ। ਗੁਰੂ ਨਾਨਕ ਦੇਵ ਜੀ ਰੱਬੀ ਬਾਣੀ ਦਾ ਅੰਕਣ, ਜਦੋਂ ਵੀ ਉਹਨਾਂ ਨੂੰ ਬਾਣੀ ਆਉਂਦੀ, ਲਿਖਤੀ ਰੂਪ ਵਿਚ ਕਰਦੇ। ਇਸ ਲਿਖਤ ਨੂੰ 'ਪੋਥੀ' ਕਿਹਾ ਗਿਆ। ਇਹ ਅਕਾਲ ਪੁਰਖ ਦੀ ਨੇੜਤਾ ਦੀ 'ਸਿਖਰ ਸਚਿਆਰਤਾ' ਗ੍ਰਹਿਣ ਕਰਨ ਦਾ ਸਾਧਨ ਹੈ। ਉਹਨਾਂ ਨੇ ਆਪਣੀਆ ਉਦਾਸੀਆ ਦੌਰਾਨ ਆਪਣੇ ਹਮਚਿੰਤਨ ਵਾਲੇ ਸਾਧੂ-ਸੰਤਾਂ ਦੀ ਬਾਣੀ ਵੀ ਇਕੱਤਰ ਕੀਤੀ। ਇਹ ਲਿਖਤੀ 'ਪੋਥੀ' ਹਮੇਸ਼ਾ ਹੀ ਅਗਲੇ 'ਨਾਨਕ' ਨੂੰ ਦੇ ਦਿਤੀ ਜਾਂਦੀ ਜਦੋਂ ਵੀ ਅਗਵਾਈ ਦੀ ਸੇਲੀ-ਟੋਪੀ ਅਗਲੇ ਅਧਿਕਾਰੀ ਨੂੰ ਸੌਂਪੀ ਜਾਦੀ। ਗੁਰੁ ਅਰਜਨ ਸਾਹਿਬ ਨੂੰ ਇਹ ਸਾਰੀ ਇਕੱਤਰ ਹੋਈ ਬਾਣੀ ਉਸ ਸਮੇਂ ਪ੍ਰਾਪਤ ਹੋਈ ਜਦ ਉਹ ਪੰਜਵੇਂ ਨਾਨਕ ਬਣੇ। ਪੰਜਵੇਂ ਨਾਨਕ ਨੇ ਸੰਗੀਤ ਨੂੰ ਬਣਦੀ ਮਹੱਤਤਾ ਦਿਤੀ ਅਤੇ ਪਹਿਲੇ ਸਾਰੇ ਨਾਨਕਾਂ ਅਤੇ ਸੰਤਾਂ ਭਗਤਾਂ ਦੀ ਬਾਣੀ ਨੂੰ ਰਾਗਾਂ ਅਨੁਸਾਰ ਇਕ ਜਿਲਦ ਵਿਚ ਇਕੱਠਾ ਕਰਨ ਦਾ ਫ਼ੈਸਲਾ ਕੀਤਾ। ਹਰ ਰਾਗ ਵਿਚ ਬਾਣੀ ਦੀ ਸ਼ੁਰੂਆਤ ਪਹਿਲਾਂ ਗੁਰੂ ਨਾਨਕ, ਫਿਰ ਦੂਜੇ, ਤੀਜੇ, ਚੌਥੇ ਅਤੇ ਬਾਕੀ ਗੁਰੂਾਂ ਦੀ ਬਾਣੀ ਨਾਲ ਕੀਤੀ ਗਈ ਹੈ। ਅੰਤ ਵਿਚ ਭਗਤਾਂ ਦੀ ਬਾਣੀ ਅੰਕਤ ਕੀਤੀ ਗਈ ਹੈ। ਹਰੇਕ ਗੁਰੂ ਜੀ ਦੀ ਬਾਣੀ ਨੂੰ ਪਹਿਲਾਂ ਸ਼ਬਦ, ਫਿਰ ਅਸਟਪਦੀਆ ਅਤੇ ਛੰਦ ਆਦਿਕ ਵਿਚ ਅੰਕਿਤ ਕੀਤਾ ਹੈ। ਦੇਖਿਆ ਜਾ ਸਕਦਾ ਹੈ ਕਿ ਇਹ ਬਹੁਤ ਸਮੇਂ ਦੀ ਵਰਤੋਂ ਨਾਲ ਜ਼ੋਖਮ ਭਰਪੂਰ ਕੰਮ ਸੀ। ਭਾਈ ਗੁਰਦਾਸ ਜੀ ਨੂੰ ਲਿਖਾਰੀ ਦੇ ਤੌਰ ਤੇ ਚੁਣਿਆ ਗਿਆ। ਉਹ ਬਹੁਤ ਹੀ ਵਿਦਵਾਨ ਅਤੇ ਸੁੱਘੜ ਕਵੀ ਸਨ। ਚੌਥੇ ਨਾਨਕ ਨੇ ਭਾਈ ਗੁਰਦਾਸ ਜੀ ਨੂੰ ਆਗਰਾ ਅਤੇ ਬਨਾਰਸ ਵਿਚ ਸਿੱਖੀ ਦੇ ਪਰਚਾਰ ਵਾਸਤੇ ਭੇਜਿਆ ਸੀ।

ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਰਾਮਸਰ ਸਰੋਵਰ ਅਤੇ ਗੁਰਦੁਆਰਾ ਦੇ ਸ਼ਾਂਤ ਵਾਤਾਵਰਣ ਨੂੰ ਇਸ ਗਰੰਥ ਨੂੰ ਵਿਸ਼ੇਸ਼ ਰੂਪ ਵਿਚ ਸੰਪਾਦਨ ਕਰਨ ਲਈ ਸੰਕਾਲਣ-ਸਥਾਨ ਵਜੋਂ ਚੁਣਿਆ ਗਿਆ ਤਾਕਿ ਬਾਅਦ ਵਿਚ ਕੋਈ ਵੀ ਵਿਅੱਕਤੀ ਇਸ ਵਿਚ ਕੋਈ ਤਬਦੀਲੀ ਨਾ ਕਰ ਸਕੇ। ਇਸਦਾ ਇਕ ਕਾਰਨ ਇਹ ਵੀ ਸੀ ਕਿ ਉਹਨਾਂ ਦਿਨਾਂ ਵਿਚ ਪਿਰਥੀ ਚੰਦ ਅਤੇ ਉਸਦੇ ਪੁੱਤਰ ਮਿਹਰਬਾਨ ਨੇ ਵੀ ਕੁਝ ਪੋਥੀਆਂ ਦਾ ਸੰਕਲਣ ਕੀਤਾ ਹੋਇਆ ਸੀ ਜਿਸ ਵਿਚ ਉਹਨਾਂ ਨੇ ਸੰਤਾਂ ਅਤੇ ਪੈਗੰਬਰਾਂ ਦੀ ਸਿਫ਼ਤ ਵਿਚ ਵਾਰਾਂ ਲਿਖੀਆਂ ਸਨ ਅਤੇ ਸਿੱਖਾਂ ਨੂੰ ਗਲਤ ਰਾਹੇ ਪਾ ਰਹੇ ਸਨ। ਮਿਹਰਬਾਨ ਦੀ ਪੋਥੀ ਵਿਚਲੀਆ ਸਿਖਿਆਵਾਂ ਸਿੱਖ ਫ਼ਿਲਾਸਫ਼ੀ ਦੇ ਅਨੁਕੂਲ ਨਹੀ ਸਨ। ਇਤਿਹਾਸ ਵਿਚ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਭਾਈ ਗੁਰਦਾਸ ਨੂੰ 'ਆਦਿ ਗਰੰਥ' ਲਿਖਣ ਵਿਚ ਕਿੰਨਾ ਸਮਾਂ ਲੱਗਾ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਕੰਮ ਨੂੰ ਸੰਪੂਰਨ ਕਰਨ ਲਈ ਡੇਢ ਸਾਲ ਲੱਗਾ ਹੋਵੇਗਾ। ਜਦੋਂ ਗਰੰਥ ਦੇ ਸੰਪੂਰਨ ਹੋਣ ਦੀ ਖਬਰ ਫ਼ੈਲੀ ਤਾਂ ਬਹੁਤ ਸਾਰੇ ਮੁਤਬੱਰਕ ਲੋਕ ਗੁਰੂ ਅਰਜਨ ਸਾਹਿਬ ਜੀ ਕੋਲ ਅੰਮ੍ਰਿਤਸਰ ਆਏ ਤਾਕਿ ਉਹਨਾਂ ਦੀਆ ਲਿਖਤਾਂ ਗਰੰਥ ਵਿਚ

ਅੰਕਿਤ ਹੋ ਸਕਣ। ਗੁਰੂ ਜੀ ਨੇ ਸਿਰਫ਼ ਉਹੋ ਲਿਖਤਾਂ ਅੰਕਿਤ ਕੀਤੀਆਂ ਜੋ 'ਸੱਚੇ ਸਬਦ' ਦੇ ਅਨੁਕੂਲ ਸਨ। ਗੁਰੂ ਗਰੰਥ ਸਾਹਿਬ ਦਾ ਸੰਕਲਣ ਕਰਨਾ ਗੁਰੁ ਅਰਜਨ ਸਾਹਿਬ ਜੀ ਦੀ ਇਕ ਬਹੁਤ ਹੀ ਵਡਮੁੱਲੀ ਪ੍ਰਾਪਤੀ ਸੀ। ਇਸ ਪਵਿੱਤਰ ਗਰੰਥ ਨੂ ਅੱਜ ਕਲ੍ਹ ਸ੍ਰੀ ਗੁਰੁ ਗਰੰਥ ਸਾਹਿਬ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਸ ਸੰਕਲਣ ਦੀਆ ਚਾਰ ਵਿਸ਼ੇਸ਼ਤਾਈਆਂ ਹਨ:

੧. ਮੂਲ ਖਜ਼ਾਨਿਆਂ ਦੀ ਸੰਭਾਲ ਕਰੋ। ਇਸਦੇ ਸੰਪਾਦਨ ਕਰਨ ਨਾਲ ਕਿਸੇ ਲਈ ਵੀ ਕੋਈ ਤਬਦੀਲੀ ਕਰਨੀ ਮੁਸ਼ਕਲ ਹੋ ਗਈ।
੨. ਲੱਗ ਭੱਲ ਅੱਧੇ ਗੁਰੂ ਗਰੰਥ ਸਾਹਿਬ ਗੁਰੂ ਅਰਜਨ ਸਾਹਿਬ ਜੀ ਦੀਆਂ ਆਪਣੀਆਂ ਰਚਨਾਵਾਂ ਹਨ।
੩. ਇਹ ਗਰੰਥ ਸਮਕਾਲੀ ਸਮਾਜਿਕ ਅਤੇ ਰਾਜਨਤਿਕ ਜੀਵਨ ਉਪਰ ਮਹੱਤਵਪੂਰਣ ਰੌਸ਼ਨੀ ਬਖੇਰਦਾ ਹੈ।
੪. ਅਨੇਕ ਸੰਤਾਂ ਦੀਆ ਅਧਿਆਤਮਿਕ ਰਚਨਾਵਾਂ ਜਿਵੇਂ ਸ਼ੇਖ ਫਰੀਦ, ਭਗਤ ਕਬੀਰ, ਭਗਤ ਰਵੀਦਾਸ, ਧੰਨਾ, ਨਾਮਦੇਵ, ਰਾਮਾਨੰਦ, ਜੈ ਦੇਵ, ਤ੍ਰਿਲੋਚਨ, ਬੇਨੀ, ਪੀਪਾ ਅਤੇ ਸੂਰਦਾਸ ਜੀ ਦੀਆਂ ਗਰੰਥ ਸਾਹਿਬ ਵਿਚ ਅੰਕਿਤ ਕੀਤੀਆਂ ਗਈਆਂ। ਇਹ ਸੰਤ ਵੱਖ ਵੱਖ ਸਮਿਆਂ, ਧਾਰਣਾਵਾਂ, ਧਾਰਮਿਕ ਸੰਪਰਦਾਵਾਂ ਅਤੇ ਉਚੀ ਨੀਵੀਂ ਜਾਤੀ ਨਾਲ ਸਬੰਧ ਰਖਦੇ ਹਨ।

[੬]ਗੁਰੂ ਗਰੰਥ ਸਾਹਿਬ ਜੀ ਦਾ ਸੰਕਲਣ ੩੧ ਜੁਲਾਈ ੧੬੦੪ ਨੂੰ ਸੰਪੂਰਨ ਹੋਇਆ। ਹਰਿਮੰਦਰ ਸਾਹਿਬ ਵਿਚ ਇਸਦੀ ਰਸਮੀ ਤਖ਼ਤਪੋਸ਼ੀ ੩੦ ਅਗਸਤ, ੧੬੦੪ ਨੂੰ ਕੀਤੀ ਗਈ। ਗਰੰਥ ਸਾਹਿਬ 'ਸੱਚੇ ਸਬਦ' ਦਾ ਪ੍ਰਮਾਣ ਬਣ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗਰੰਥੀ ਥਾਪਿਆ ਗਿਆ।

.................................................................................................

੬. ਇਹ ਵਿਸ਼ਵ-ਪੱਧਰ ਤੇ ਮੰਨਿਆਂ ਜਾਂਦਾ ਹੈ ਕਿ ਜਪੁਜੀ ਤੋਂ ਲੈ ਕੇ ਮੁੰਦਾਵਣੀ ਤੱਕ ਦੀ ਬਾਣੀ ਗਰੰਥ ਸਾਹਿਬ ਵਿਚ ਅੰਕਿਤ ਕੀਤੀ ਗਈ। ਰਾਗ ਮਾਲਾ ਤੇ ਕੋਈ ਸਹਿਮਤੀ ਨਹੀਂ। 'ਮਾਧਵ ਨਲ ਕਾਮ ਕੰਡਾਲਾ' ਪੁਸਤਕ ਵਿਚ ਇਹ ਇਹ ਰਚਨਾ ਆਲਮ ਕਵੀ ਦੀ ਹੈ। ਕੁਝ ਜਨਾਂ ਦਾ ਇਹ ਵਿਸ਼ਵਾਸ ਹੈ ਕਿ ਇਹ ਬਾਅਦ ਵਿਚ ਗਰੰਥ ਸਾਹਿਬ ਦੀ ਕਾਪੀ ਕਰਦਿਆਂ ਦਰਜ ਕੀਤੀ ਗਈ। ਇਕ ਇਹ ਵੀ ਕਹਾਣੀ ਹੈ ਕਿ ਗੁਰੂ ਅਰਜਨ ਸਾਹਿਬ ਜੀ ਗੁਰੂਆ ਦੀ ਬਾਣੀ ਦੀਆਂ ਦੋ ਪੋਥੀਆਂ ਲੈਣ ਮੋਹਨ (ਗੁਰੁ ਅਮਰਦਾਸ ਜੀ ਦੇ ਸਪੁੱਤਰ) ਕੋਲ ਗਏ। ਇਹ ਕਹਾਣੀ ਨਿਰ-ਆਧਾਰ ਹੈ। ਗੁਰੂ ਅਰਜਨ ਜੀ ਨੂੰ ਮਕੁੰਮਲ ਬਾਣੀ ਪ੍ਰਾਪਤ ਹੋ ਗਈ ਸੀ ਜਦੋਂ ਉਹ ਪੰਜਵੇਂ ਨਾਨਕ ਬਣੇ।

# ੧੩. ਜਹਾਂਗੀਰ ਨੇ ਗੁਰੂ ਅਰਜਨ ਨੂੰ ਗ੍ਰਿਫ਼ਤਾਰ ਕੀਤਾ

੧੬੦੬ ਈਸਵੀ (ਉਮਰ ੪੩ ਸਾਲ): ਗੁਰੂ ਅਰਜਨ ਸਾਹਿਬ ਜੀ ਵੇਲੇ ਸਿੱਖ ਧਰਮ ਬਹੁਤ ਮਸ਼ਹੂਰ ਹੋ ਗਿਆ ਅਤੇ ਬੜੀ ਤੇਜ਼ੀ ਨਾਲ ਵਧ ਰਿਹਾ ਸੀ। ਵੱਖ ਵੱਖ ਧਰਮਾਂ ਅਤੇ ਜਾਤਾਂ ਵਾਲੇ ਲੋਕ ਸਿੱਖ ਬਣ ਰਹੇ ਸਨ। ਮੁਸਲਿਮ ਲੋਕ ਵੀ ਗੁਰੂ ਅਰਜਨ ਨੂੰ ਆਪਣਾ ਰਾਹ-ਦਸੇਰਾ ਅਤੇ ਧਾਰਮਿਕ ਆਗੂ ਮੰਨ ਰਹੇ ਸਨ। ਪਰ ਮੁਸਲਿਮ ਕਾਜ਼ੀ ਅਤੇ ਮੌਲਵੀਆਂ ਨੂੰ ਇਹ ਚੰਗਾ ਨਾ ਲੱਗਾ। ਉਹ ਸਾਰੇ ਗੈਰ-ਮੁਸਲਮਾਨਾਂ ਨੂੰ ਮੁਸਲਿਮ ਧਰਮ ਵਿਚ ਬਦਲਣਾ ਚਾਹੁੰਦੇ ਸਨ, ਪਰ ਸਭ ਕੁਝ ਉਲਟ ਹੋ ਰਿਹਾ ਸੀ। ਇਸਲਾਮ ਦੇ ਫੈਲਣ ਵਿਚ ਗੁਰੂ ਅਰਜਨ ਨੂੰ ਰੁਕਾਵਟ ਸਮਝਦਿਆਂ ਹੋਇਆਂ, ਮੁਸਲਿਮ ਪਾਦਰੀਆਂ ਨੇ ਗੁਰੂ ਜੀ ਵਿਰੁੱਧ ਸਾਜ਼ਸ਼ ਰਚਣੀ ਸ਼ੁਰੂ ਕੀਤੀ। ਪਹਿਲੇ ਤਿੰਨ ਮੁਗ਼ਲ ਬਾਦਸ਼ਾਹ (ਬਾਬਰ, ਹਮਾਯੂੰ ਅਤੇ ਅਕਬਰ) ਹਰੇਕ ਧਰਮ ਦੇ ਲੋਕਾਂ ਪ੍ਰਤੀ ਰਹਿਮ-ਦਿਲ ਅਤੇ ਇਨਸਾਫ਼-ਪਸੰਦ ਸਨ। ਉਹਨਾਂ ਨੇ ਤਾਂ ਸਿੱਖ ਗੁਰੂਆਂ ਨਾਲ ਦੋਸਤਾਨਾ ਸਬੰਧ ਬਣਾਏ ਸਨ। ਅਕਬਰ ਦਾ ਪੁੱਤਰ ਜਹਾਂਗੀਰ ੩੬ ਸਾਲ ਦੀ ਉਮਰ ਵਿਚ ਅਕਤੂਬਰ ੧੬੦੫ ਵਿਚ ਬਾਦਸ਼ਾਹ ਬਣਿਆ। ਜਹਾਂਗੀਰ ਦੀਆਂ ਨੀਤੀਆਂ ਅਤੇ ਉਸਦੇ ਖਿਆਲ ਬਿਲਕੁਲ ਉਲਟ ਸਨ; ਉਹ ਇਸਲਾਮ ਦਾ ਫ਼ੈਲਾਅ ਕਰਨਾ ਚਾਹੁੰਦਾ ਸੀ।

ਅਕਬਰ ਆਪਣੇ ਤੋਂ ਬਾਅਦ (ਆਪਣੇ ਪੁੱਤਰ) ਜਹਾਂਗੀਰ ਦੀ ਬਜਾਏ ਆਪਣੇ ਪੋਤੇ ਖਸੁ ਰੋ ਨੂੰ ਅਗਲਾ ਬਾਦਸ਼ਾਹ ਬਨਾਉਣ ਦਾ ਧਿਆਨ ਕਰ ਰਿਹਾ ਸੀ। ਜਹਾਂਗੀਰ ਨੇ ਮੁਸਲਿਮ ਪਾਦਰੀਆ ਨਾਲ ਵਾਅਦਾ ਕੀਤਾ ਕਿ ਉਹ ਬਾਦਸ਼ਾਹ ਬਣਨ ਦੀ ਹਮਾਇਤ ਬਦਲੇ ਮੁਸਲਿਮ ਕਾਨੂੰਨ ਨੂੰ ਪੂਰੇ ਜ਼ੋਰ ਨਾਲ ਲਾਗੂ ਕਰੇਗਾ। ਜਦੋਂ ਹੀ ਜਹਾਂਗੀਰ ਬਾਦਸ਼ਾਹ ਬਣਿਆ, ਮੁਸਲਿਮ ਪਾਦਰੀਆ ਨੇ ਗੁਰੂ ਜੀ ਵਿਰੁੱਧ ਸਾਜ਼ਸ਼ ਰਚੀ। ਉਹਨਾਂ ਨੇ ਨਵੇਂ ਬਾਦਸ਼ਾਹ ਪਾਸ ਅਰਜੋਈ ਕੀਤੀ ਕਿ ਨਵੇਂ ਸਿੱਖ ਧਰਮ ਨੂੰ ਫੈਲਣ ਨਾ ਦਿਤਾ ਜਾਵੇ। ਮੁਸਲਿਮ ਪਾਦਰੀ ਕਾਫ਼ੀ ਸਮੇਂ ਤੋਂ ਇਹ ਦੇਖਦਿਆਂ ਹੋਇਆਂ ਖਫ਼ਾ ਸਨ ਕਿ ਕੁਝ ਮੁਸਲਿਮ ਸਿੱਖ ਧਰਮ ਵੱਲ ਖਿੱਚੇ ਜਾ ਰਹੇ ਸਨ ਅਤੇ ਸਿੱਖ ਧਰਮ ਕਬੂਲ ਕਰ ਰਹੇ ਸਨ। ਇਸ ਕੰਮ ਨੂੰ ਰੋਕਣ ਦਾ ਇੱਕੋ ਸਾਧਨ ਸੀ ਕਿ ਗੁਰੂ ਅਰਜਨ ਸਾਹਿਬ ਦੇ ਜੀਵਨ ਨੂੰ ਖਤਮ ਕਰ ਦਿਤਾ ਜਾਵੇ। ਬਾਦਸ਼ਾਹ ਜਹਾਂਗੀਰ ਨੇ ਇਸਤਰ੍ਹਾਂ ਕਰਨ ਦਾ ਵਾਅਦਾ ਕੀਤਾ।

ਇਸ ਸਮੇਂ, ਜਹਾਂਗੀਰ ਦੇ ਪੁੱਤਰ ਖੁਸਰੋ ਨੇ ਉਸ ਵਿਰੁੱਧ ਬਗ਼ਾਵਤ ਕਰ ਦਿਤੀ। ਉਹ ਆਪਣੇ ਬਾਪ ਨੂੰ ਹਟਾ ਕੇ ਆਪ ਬਾਦਸ਼ਾਹ ਬਣਨਾ ਚਾਹੁੰਦਾ ਸੀ। ਉਸਨੇ ਜਹਾਂਗੀਰ ਵਿਰੁੱਧ ਲੜਾਈ ਛੇੜੀ ਪਰ ਹਾਰ ਗਿਆ। ਉਹ ਲਾਹੌਰ ਵੱਲ ਦੌੜਿਆ। ਉਸਨੂੰ ਪਕੜ ਕੇ ਸਜ਼ਾ ਦੇਣ ਲਈ ਜਹਾਂਗੀਰ ਉਸਦੇ ਪਿੱਛੇ ਦੌੜਿਆ। ਉਸਨੂੰ ਪਤਾ ਸੀ ਕਿ ਬਹੁਤ ਲੋਕਾਂ ਨੇ ਉਸ ਵਿਰੁੱਧ ਸਾਜ਼ਸ਼ ਕਰਨ ਲਈ ਖੁਸਰੋ ਦੀ ਮਦਦ ਕੀਤੀ ਸੀ। ਜਦ ਜਹਾਂਗੀਰ ਚਲਦਾ ਗਿਆ ਤਾਂ ਉਹ ਪੁੱਛਦਾ ਗਿਆ ਕਿ ਖੁਸਰੋ ਦੀ ਮਦਦ ਕਿਸਨੇ ਕੀਤੀ ਸੀ। ਜਹਾਂਗੀਰ ਨੇ ਉਹਨਾਂ ਸਾਰਿਆਂ ਨੂੰ ਲੱਭ ਕੇ, ਜਿਹਨਾਂ ਖਸਰੋ ਦੀ ਮਦਦ ਕੀਤੀ ਸੀ, ਸਜ਼ਾ ਦਿਤੀ। ਉਹ ਗੋਇੰਦਵਾਲ ਅਤੇ ਤਰਨਤਾਰਨ ਰਾਹੀਂ ਲੰਘਿਆ ਅਤੇ ਗੋਇੰਦਵਾਲ ਵਿਖੇ ਠਹਿਰਿਆ। ਉਸਨੇ ਗੋਇੰਦਵਾਲ ਵਿਚ ਵੀ ਪੁੱਛ ਗਿੱਛ ਕੀਤੀ ਪਰ ਕਿਸੇ ਨੇ ਗੁਰੂ ਜੀ ਵਿਰੁੱਧ ਇਕ ਸ਼ਬਦ ਵੀ ਨਾ ਬੋਲਿਆ। ਜੇ ਗੁਰੂ ਜੀ ਨੇ ਖੁਸਰੋ ਦੀ ਮਦਦ ਕੀਤੀ ਹੁੰਦੀ ਤਾਂ ਲੋਕ ਜ਼ਰੂਰ ਜਹਾਂਗੀਰ ਨੂੰ ਦਸਦੇ। ਪਰ ਚੰਦੂ ਵਰਗੇ ਕਈ ਗੁਰੂ ਜੀ ਦੇ ਦੁਸ਼ਮਣ ਵੀ ਸਨ ਅਤੇ ਕਈ ਬ੍ਰਾਹਮਣ ਅਤੇ ਕਾਜ਼ੀ ਵੀ ਜਿਹੜੇ ਗੁਰੂ ਜੀ ਵਿਰੁੱਧ ਸ਼ਕਾਇਤ ਕਰਨ ਲਈ ਮੌਕੇ ਦੀ ਭਾਲ ਵਿਚ ਸਨ। ਕੱਟੜ ਵਿਰੋਧੀ ਪਿਰਥੀ ਚੰਦ ੧੬੦੫ ਵਿਚ ਅਕਾਲ ਚਲਾਣਾ ਕਰ ਗਿਆ

ਸੀ। ਜਹਾਂਗੀਰ ਲਾਹੌਰ ਪਹੁੰਚਿਆ ਅਤੇ ਥੋਹੜਾ ਠਹਿਰਨ ਤੋਂ ਬਾਅਦ ਦਿੱਲੀ ਰਵਾਨਾ ਹੋਣ ਲਈ ਤਿਆਰ ਹੋ ਗਿਆ। ਗੁਰੂ ਅਰਜਨ ਸਾਹਿਬ ਦੇ ਦੁਸ਼ਮਣਾਂ ਨੇ ਆਪਣੀਆਂ ਘਟੀਆ ਯੋਜਨਾਵਾਂ ਦੀ ਪੂਰਤੀ ਲਈ ਇਸ ਮੌਕੇ ਨੂੰ ਵਰਤਣ ਦਾ ਫ਼ੈਸਲਾ ਕੀਤਾ। ਉਹਨਾਂ ਨੇ ਗੁਰੂ ਜੀ ਵਿਰੁੱਧ ਝੂਠੀ ਕਹਾਣੀ ਘੜੀ। ਉਹ ਜਹਾਂਗੀਰ ਨੂੰ ਮਿਲੇ ਅਤੇ ਦਸਿਆ ਕਿ ਖ਼ੁਸਰੋ ਗੁਰੂ ਅਰਜਨ ਸਾਹਿਬ ਨੂੰ ਗੋਇੰਦਵਾਲ ਵਿਚ ਮਦਦ ਲਈ ਮਿਲਿਆ ਸੀ। ਉਹਨਾਂ ਦੂਸ਼ਨ ਲਗਾਇਆ ਕਿ ਗੁਰੂ ਜੀ ਨੇ ਬਾਦਸ਼ਾਹ ਦੇ ਵਿਰੁੱਧ ਉਸਦੀ ਕਾਮਯਾਬੀ ਲਈ ਪ੍ਰਾਰਥਨਾ ਕੀਤੀ ਸੀ ਅਤੇ ਬਹੁਤ ਸਾਰਾ ਧਨ ਵੀ ਦਿਤਾ ਸੀ।

ਅਜਿਹੇ ਝੂਠ ਸੁਣਨ ਤੋਂ ਬਾਅਦ, ਜਹਾਂਗੀਰ ਘੋਰ ਗੁੱਸੇ ਵਿਚ ਆ ਗਿਆ। ਉਸਨੇ ਪਹਿਲਾਂ ਹੀ ਗੁਰੂ ਅਰਜਨ ਸਾਹਿਬ ਦੀ ਜ਼ਿੰਦਗੀ ਖਤਮ ਕਰਨ ਦਾ ਮਨ ਬਣਾਇਆ ਹੋਇਆ ਸੀ। ਉਸਨੇ ਇਸਤਰ੍ਹਾਂ ਕਰਨ ਲਈ ਮੁਸਲਿਮ ਮੌਲਵੀਆਂ ਨਾਲ ਵਾਅਦਾ ਕੀਤਾ ਸੀ। ਗੁਰੂ ਜੀ ਨੂੰ ਸਜ਼ਾ ਦੇਣ ਲਈ ਉਸਨੂੰ ਚੰਗਾ ਬਹਾਨਾ ਮਿਲ ਗਿਆ ਸੀ। ਜਹਾਂਗੀਰ ਨੇ ਸੱਚ ਜਾਨਣ ਲਈ ਕੋਈ ਪੁੱਛ ਗਿੱਛ ਨਾ ਕੀਤੀ। ਇਸਤਰ੍ਹਾਂ ਕਰਨ ਦਾ ਉਸਦਾ ਕੋਈ ਇਰਾਦਾ ਵੀ ਨਹੀਂ ਸੀ। ਅਸਲ ਵਿਚ, ਗੋਇੰਦਵਾਲ ਜਾਂ ਹੋਰ ਕਿਧਰੇ ਕਿਤੇ ਵੀ ਕੋਈ ਅਜਿਹੀ ਰਿਪੋਰਟ ਨਹੀਂ ਹੋਈ ਸੀ। ਮਈ ੨੨, ੧੬੦੬ ਨੂੰ, ਜਹਾਂਗੀਰ ਨੇ ਆਪਣੇ ਬਸ਼ਿੰਦਿਆਂ ਨੂੰ ਅੰਮ੍ਰਿਤਸਰ ਜਾਣ ਦਾ ਹੁਕਮ ਕੀਤਾ ਅਤੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਉਣ ਲਈ ਕਿਹਾ। ੨੪ ਮਈ ਨੂੰ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਹਾਂਗੀਰ ਨੇ ਗੁਰੂ ਜੀ ਨੂੰ ਖਤਮ ਕਰਨ ਲਈ ਮੁਰਤਜ਼ਾ ਖਾਨ ਨੂੰ ਹੁਕਮ ਕੀਤਾ। ਇਹ ਹੁਕਮ ਦੇ ਕੇ ਉਹ ਆਪ ਸਿੰਧ ਚਲਾ ਗਿਆ। ਪੰਜਵਾ ਨਾਨਕ ਲਾਹੌਰ ਵਿਚ ਤਿੰਨ ਸਾਲ ਦੇ ਕਾਲ ਪੈਣ ਵੇਲੇ ਆਮ ਲੋਕਾਂ ਦੀ ਮਦਦ ਕਰਨ ਕਰਕੇ ਅਤੇ ਹੈਜ਼ਾ ਅਤੇ ਚੀਚਕ ਦੇ ਕਾਰਨ ਮਰੇ ਲੋਕਾਂ ਦੀਆਂ ਲਾਸ਼ਾਂ ਨਿਪਟਾਉਣ ਕਰਕੇ ਅਤੇ ਨਿਮਰ ਸੁਬਾਓ ਹੋਣ ਕਾਰਨ ਆਮ ਜਨਤਾ ਵਿਚ ਉਹ ਬਹੁਤ ਹਰਮਨ-ਪਿਆਰਾ ਸੀ। ਜਹਾਂਗੀਰ ਅਜਿਹੇ ਲਕੋ ਾਂ ਦੇ ਹਮਸਾਏ ਨੂੰ ਤਸੀਹੇ ਦਿੰਦਿਆ ਆਪ ਨਹੀਂ ਦੇਖਣਾ ਚਾਹੁੰਦਾ ਸੀ। ਮੁਰਤਜ਼ਾ ਖਾਨ ਵੀ ਅਜਿਹੇ ਦਰਦਨਾਕ ਦ੍ਰਿਸ਼ ਨੂੰ ਦੇਖਣਾ ਨਹੀਂ ਚਾਹੁੰਦਾ ਸੀ। ਚੰਦੁ ਲਾਲ (ਇਕ ਖਤਰੀ ਹਿੰਦੂ) ਨੇ, ਜਿਸਨੂੰ ਗੁਰੂ ਜੀ ਨਾਲ ਕੁਝ ਨਿੱਜੀ ਦੁਸ਼ਮਣੀ ਸੀ, ਅਜਿਹਾ ਕੁਕਰਮ ਕਰਨ ਲਈ ਆਪਣੇ ਆਪ ਨੂੰ ਪੇਸ਼ ਕੀਤਾ।

ਅੰਮ੍ਰਿਤਸਰ ਤੋਂ ਚਲਣ ਤੋਂ ਪਹਿਲਾਂ, ਪੰਜਵੇਂ ਨਾਨਕ ਨੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਹੋਰ ਪ੍ਰਮੁੱਖ ਸਿੱਖਾਂ ਦੀ ਹਾਜ਼ਰੀ ਵਿਚ ਆਪਣੇ ਸਪੁੱਤਰ ਹਰਿਗੋਬਿੰਦ ਸਾਹਿਬ ਨੂੰ ਛੇਵੇਂ ਨਾਨਕ ਦੇ ਰੂਪ ਵਿਚ ਨਿਯੁੱਕਤ ਕੀਤਾ।

*********************************************

# ੧੪. ਸ਼ਹੀਦੀ

੧੬੦੬ ਈਸਵੀ (ਉਮਰ ੪੩ ਸਾਲ): ਗੁਰੂ ਅਰਜਨ ਸਾਹਿਬ ਜੀ ਨੂੰ ਅੰਮ੍ਰਿਤਸਰ ਤੋਂ ਲਾਹੌਰ ਲਿਆਂਦਾ ਗਿਆ। ਜਹਾਂਗੀਰ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਚੰਦੂ ਗੁਰੂ ਜੀ ਨੂੰ ਆਪਣੇ ਨਿਵਾਸ ਸਥਾਨ ਤੇ ਲੈ ਗਿਆ। ਉਹ ਖੁਫ਼ੀਆ ਤੌਰ ਤੇ ਗੁਰੂ ਜੀ ਨੂੰ ਤਸੀਹੇ ਦੇਣ ਲੱਗਾ ਤਾਕਿ ਆਮ ਜਨਤਾ ਨੂੰ ਕੁਝ ਪਤਾ ਨਾ ਲੱਗੇ। ਪਹਿਲੇ ਦਿਨ ਗੁਰੂ ਜੀ ਨੂੰ ਖਾਣ ਜਾਂ ਪੀਣ ਲਈ ਕੁਝ ਨਾ ਦਿਤਾ ਗਿਆ। ਗੁਰੂ ਜੀ ਨੂੰ ਸੌਣ ਵੀ ਨਾ ਦਿਤਾ ਗਿਆ, ਪਰ ਗੁਰੂ ਜੀ ਨੇ ਇਹ ਸਭ ਕੁਝ ਸਹਿਨ ਕਰ ਲਿਆ। ਉਹ ਭਗਤੀ ਕਰਦੇ ਰਹੇ, ਅਕਾਲ ਪੁਰਖ ਦੇ ਨਾਮ ਦਾ ਗਾਇਨ ਕਰਦੇ ਰਹੇ ਅਤੇ ਗੁਰੂ ਬਾਣੀ ਦਾ ਪਾਠ ਕਰਦੇ ਰਹੇ। ਦੂਜੇ ਦਿਨ ਚੰਦੂ ਨੇ ਗੁਰੂ ਜੀ ਨੂੰ ਪਾਣੀ ਨਾਲ ਭਰੀ ਪਿੱਤਲ ਦੀ ਇਕ ਵੱਡੀ ਦੇਗ ਵਿਚ ਬਿਠਾਇਆ। ਉਸਨੇ ਆਪਣੇ ਬੰਦਿਆਂ ਨੂੰ ਪਿੱਤਲ ਦੀ ਦੇਗ ਹੇਠਾਂ ਅੱਗ ਬਾਲਣ ਲਈ ਕਿਹਾ ਤਾਕਿ ਪਾਣੀ ਉਬਲਣ ਲੱਗ ਪਵੇ। ਇਸ ਨਾਲ ਗੁਰੂ ਜੀ ਦੇ ਸਰੀਰ ਤੇ ਛਾਲੇ ਪੈ ਗਏ। ਪਰ ਗੁਰੂ ਜੀ ਚੁੱਪ-ਚਾਪ ਸ਼ਾਂਤ-ਚਿੱਤ ਬੈਠੇ ਰਹੇ। ਉਹਨਾਂ ਨੇ ਕੋਈ ਰੁਦਨ ਨਹੀਂ ਕੀਤਾ; ਹਉਕਾ ਤੱਕ ਵੀ ਨਾ ਲਿਆ। ਗੁਰੂ ਜੀ ਨੇ ਉਹਨਾਂ ਵਿਰੁੱਧ, ਜਿਹੜੇ ਤਸੀਹੇ ਦੇ ਰਹੇ ਸਨ, ਕੋਈ ਗੁੱਸਾ ਜ਼ਾਹਰ ਨਾ ਕੀਤਾ। ਉਹ ਪ੍ਰਮਾਤਮਾਂ ਦੇ ਨਾਮ ਤੇ ਭਗਤੀ ਕਰਦੇ ਰਹੇ। ਇਹ ਸਭ ਕੁਝ ਚੁੱਪ-ਚਾਪ ਅਤੇ ਹਿੰਮਤ ਨਾਲ ਸਹਿਨ ਕਰਨ ਲਈ ਉਹਨਾਂ ਨੇ ਪ੍ਰਮਾਤਮਾ ਅੱਗੇ ਸ਼ਕਤੀ ਲਈ ਪ੍ਰਾਰਥਨਾ ਕੀਤੀ। ਉਹ ਅਕਾਲ ਪੁਰਖ ਦਾ ਨਾਮ ਜਪਦੇ ਰਹੇ: 'ਹੇ ਵਾਹਿਗੁਰੂ! ਇਹ ਸਭ ਕੁਝ ਤੇਰੇ ਭਾਣੇ ਵਿਚ ਹੋ ਰਿਹਾ ਹੈ। ਤੇਰਾ ਭਾਣਾ ਮੈਨੂੰ ਹਮੇਸ਼ਾ ਮਿੱਠਾ ਲਗਦਾ ਹੈ।' ਉਬਲਦੇ ਪਾਣੀ ਨਾਲ ਗੁਰੂ ਜੀ ਦਾ ਸਰੀਰ ਕੋਮਲ ਪਰ ਦੁਖਦਾਈ ਹੋ ਗਿਆ। ਸਾਰੇ ਸਰੀਰ ਤੇ ਛਾਲੇ ਉੱਭਰ ਆਏ। ਤੀਜੇ ਦਿਨ, ਚੰਦੂ ਨੇ ਗੁਰੂ ਜੀ ਨੂੰ ਤਪਦੀ ਲੋਹ ਤੇ ਬਿਠਾਇਆ ਅਤੇ ਉਹਨਾ ਦੇ ਸਿਰ ਅਤੇ ਸਰੀਰ ਤੇ ਗਰਮ ਰੇਤਾ ਪਵਾਇਆ। ਤਸੀਹੇ ਦੇਣ ਵਿਚ ਲੱਗੇ ਵਿਅੱਕਤੀ ਅੱਗ ਦੇ ਸੇਕ ਦੀ ਅਤਿ-ਗਰਮੀ ਕਾਰਨ ਆਪ ਪਸੀਨੇ ਨਾਲ ਭਿੱਜ ਗਏ। ਇਹ ਜੂਨ ਦਾ ਮਹੀਨਾ ਸੀ ਜੋ ਭਾਰਤੀ ਗਰਮੀ ਦਾ ਸਭ ਤੋਂ ਵੱਧ ਗਰਮੀ ਦਾ ਮਹੀਨਾ ਹੁੰਦਾ ਹੈ। ਪਰ ਗੁਰੂ ਜੀ ਸ਼ਾਂਤ-ਚਿੱਤ ਚੁੱਪ-ਚਾਪ ਬੈਠੇ ਰਹੇ। ਉਹਨਾਂ ਨੇ ਕੋਈ ਚੀਕ ਤੱਕ ਨਾ ਮਾਰੀ। ਉਹਨਾਂ ਨੇ ਤਸੀਹੇ ਦੇਣ ਵਾਲਿਆਂ ਨਾਲ ਕੋਈ ਗੁੱਸਾ-ਨਰਾਜ਼ਗੀ ਜ਼ਾਹਰ ਨਾ ਕੀਤੀ। ਉਹ ਸਿਰਫ਼ ਪ੍ਰਮਾਤਮਾ ਦਾ ਧਿਆਨ ਧਰਕੇ ਉਸਦਾ ਨਾਮ ਜਪਦੇ ਰਹੇ। ਉਹ ਇਸ ਤੁਕ ਦਾ ਗਾਇਨ ਕਰਦੇ ਰਹੇ: 'ਤੇਰਾ ਭਾਣਾ ਮੀਠਾ ਲਾਗੇ'!

ਇਸ ਕਹਿਰਵਾਨ ਕੁਕਰਮ ਦੀ ਖਬਰ ਬਹੁਤੀ ਦੇਰ ਕਿਧਰੇ ਛੁਪੀ ਨਾ ਰਹਿ ਸਕੀ। ਲੋਕਾਂ ਨੂੰ ਇਸ ਬਾਰੇ ਪਤਾ ਲੱਗ ਗਿਆ। ਪਰ ਬਾਦਸ਼ਾਹ ਤੱਕ ਪਹੁੰਚ ਕਰਨ ਲਈ ਉਹਨਾ ਕੋਲ ਕੋਈ ਵਸੀਲਾ ਨਹੀਂ ਸੀ। ਇਹ ਖਬਰ ਸਾਈਂ ਮੀਆਂ ਮੀਰ ਤੱਕ ਪਹੁੰਚੀ, ਜੋ ਕਿ ਲਾਹੌਰ ਦੇ ਇਕ ਬਹੁਤ ਮਹਾਨ ਮੁਸਲਿਮ ਸੰਤ ਸਨ ਅਤੇ ਗੁਰੂ ਜੀ ਦੇ ਹਮਸਾਏ ਮਿੱਤਰ ਸਨ। ਉਹ ਬਹੁਤ ਹੀ ਨੇਕ ਇਨਸਾਨ ਅਤੇ ਪਾਕਿ-ਪਵਿੱਤਰ ਵਿਅੱਕਤੀ ਸਨ। ਉਹ ਕਿਸੇ ਦਾ ਧਰਮ ਨਾ ਚਿਤਾਰਦੇ ਹੋਏ ਹਰ ਕਿਸੇ ਦਾ ਆਦਰ-ਮਾਣ ਸਹਿਤ ਸਤਿਕਾਰ ਕਰਦੇ। ਸਾਰੇ ਮੁਸਲਮਾਨ ਉਸਦਾ ਬਹੁਤ ਸਤਿਕਾਰ ਕਰਦੇ ਸਨ। ਇਥੋਂ ਤੱਕ ਕਿ ਬਾਦਸ਼ਾਹ ਜਹਾਂਗੀਰ ਵੀ ਉਹਨਾਂ ਦਾ ਬਹੁਤ ਮਾਣ-ਸਤਿਕਾਰ ਕਰਦਾ ਸੀ। ਇਹ ਜਾਨਣ ਤੇ ਕਿ ਗੁਰੂ ਜੀ ਨਾਲ ਕੀ ਹੋ ਰਿਹਾ ਸੀ, ਮੀਆਂ ਮੀਰ ਜੀ ਨੂੰ ਬਹੁਤ ਗੁੱਸਾ ਆਇਆ ਅਤੇ ਉਹ ਗੁਰੂ ਜੀ ਨੂੰ ਮਿਲਣ ਗਏ।ਮੀਆਂ ਮੀਰ ਜੀ ਦੀ ਤਸੀਹੇ ਨਾ ਦਿਤੇ ਜਾਣ ਵਾਲੀ ਬੇਨਤੀ ਵੱਲ ਵੀ ਕੋਈ ਧਿਆਨ ਨਾ ਦਿਤਾ

ਗਿਆ। ਚੰਦੂ ਅਤੇ ਉਸਦੇ ਸਾਥੀਆਂ ਨੇ ਪਹਿਲਾਂ ਹੀ ਵਾਜਬ ਜੁਆਬ ਘੜ ਰਖਿਆ ਸੀ। ਉਹਨਾਂ ਦਾ ਜੁਆਬ ਸੀ ਕਿ ਕਿਉਂਕਿ ਇਹ ਸਭ ਕੁਝ ਬਾਦਸ਼ਾਹ ਦੇ ਹੁਕਮ ਮੁਤਾਬਕ ਕੀਤਾ ਜਾ ਰਿਹਾ ਸੀ, ਸੋ ਉਹ ਕਿਸੇ ਤਰ੍ਹਾਂ ਹੁਕਮਅਦੂਲੀ ਕਰਨ ਦੀ ਹਿੰਮਤ ਨਹੀਂ ਸਨ ਕਰ ਸਕਦੇ।

ਚੌਥੇ ਦਿਨ, ਗੁਰੂ ਜੀ ਨੂੰ ਲੋਹੇ-ਲਾਖੀ ਤਪਦੀ ਗਰਮ ਲੋਹ ਤੇ ਬਿਠਾਇਆ ਗਿਆ, ਜਿਸ ਨਾਲ ਗੁਰੂ ਜੀ ਦੀ ਚਮੜੀ ਭੁੱਜਣ ਲੱਗੀ। ਫਿਰ ਉਹਨਾਂ ਦੇ ਸਰੀਰ ਤੇ ਲਾਲ-ਸੁਰਖ ਤਪਦੀ ਰੇਤ ਪਾਈ ਗਈ। ਗੁਰੂ ਜੀ ਸ਼ਾਂਤ-ਚਿੱਤ ਚੁੱਪਚਾਪ ਬੈਠੇ ਰਹੇ। ਉਹਨਾਂ ਨੇ ਕੋਈ ਦੁੱਖ ਜ਼ਾਹਰ ਨਾ ਕੀਤਾ। ਉਹਨਾਂ ਨੇ ਤਸੀਹੇ ਦੇਣ ਵਾਲਿਆਂ ਪ੍ਰਤੀ ਕੋਈ ਗੁਸਾ ਗਿਲਾ ਨਾ ਪ੍ਰਗਟ ਕੀਤਾ। ਉਹ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਬੈਠੇ ਰਹੇ ਅਤੇ ਇਹੀ ਜਪਦੇ ਰਹੇ: 'ਤੇਰਾ ਭਾਣਾ ਮੀਠਾ ਲਾਗੇ'।

ਪੰਜਵੇਂ ਦਿਨ, ਗੁਰੂ ਜੀ ਨੂੰ ਰਾਵੀ ਦਰਿਆ ਤੇ ਲਿਜਾਇਆ ਗਿਆ ਅਤੇ ਵਗਦੇ ਪਾਣੀ ਵਿਚ ਸੁੱਟ ਦਿਤਾ। ਤਸੀਹੇ ਝੱਲਣ ਨਾਲ ਸਰੀਰ ਬਹੁਤ ਨਿਰਬਲ ਹੋ ਜਾਣ ਕਾਰਨ ਉਹ ਵਹਿੰਦੇ ਪਾਣੀ ਵਿਚ ਖੜੇ ਨਾ ਹੋ ਸਕੇ। ਉਹਨਾਂ ਦਾ ਸਰੀਰ ਅੱਗੇ ਰੜ੍ਹ ਗਿਆ ਅਤੇ ਗੁਰੂ ਜੀ ੩੦ ਮਈ, ੧੬੦੬ ਨੂੰ ਸ਼ਹੀਦ ਹੋ ਗਏ। ਉਹ ਸਥਾਨ ਜਿਥੇ ਗੁਰੂ ਜੀ ਪ੍ਰਮਾਤਮਾਂ ਨਾਲ ਇਕ-ਮਿਕ ਹੋਏ, ਉਥੇ ਇਕ ਸ਼ਾਨਦਾਰ ਗੁਰਦੁਆਰਾ 'ਡੇਰਾ ਸਾਹਿਬ' ਸੁਸ਼ੋਬਤ ਹੈ। ਅੱਜ ਕਲ੍ਹ ਇਹ ਪਾਕਿਸਤਾਨ ਵਿਚ ਹੈ। ਸਿੱਖਾਂ ਵਾਸਤੇ ਇਹ ਪਾਕਿ-ਪਵਿੱਤਰ ਸਥਾਨ ਹੈ। ਹਰ ਸਾਲ ਸ਼ਹੀਦੀ ਦੇ ਦਿਨ ਤੇ 'ਜੋੜ-ਮੇਲੇ' ਦੇ ਤੌਰ ਤੇ ਇਥੇ ਬੇ-ਹਿਸਾਬ ਸੰਗਤਾਂ ਇਕੱਠੀਆ ਹੁੰਦੀਆ ਹਨ ਜਦ ਗੁਰੂ ਜੀ ਜੋਤੀ ਜੋਤ ਸਮਾਏ ਸਨ। ਸਿੱਖ ਇਥੇ ਹਰ ਰੋਜ਼ ਵੱਡੀ ਗਿਣਤੀ ਵਿਚ ਜਾਇਆ ਕਰਦੇ ਸਨ।

...........................................................................................

ਨੋਟ: ਕਈ ਅਣਜਾਣ ਸਿੱਖ ਇਸ ਦਿਨ ਇਸ ਉਮੀਦ ਨਾਲ ਛਬੀਲ ਦੇ ਤੌਰ ਤੇ ਠੰਡੇ-ਮਿੱਠੇ ਜਲ ਦੀ ਸੇਵਾ ਕਰਦੇ ਹਨ ਕਿ ਇਸਤਰ੍ਹਾਂ ਗੁਰੂ ਜੀ ਨੂੰ ਸਵਰਗ ਵਿਚ ਸੁਖ ਮਿਲੇਗਾ। ਇਹ ਕਾਰਜ ਸਿੱਖ ਸਿਧਾਂਤਾਂ ਦੇ ਉਲਟ ਹੈ। ਛਬੀਲਾਂ ਦਾ ਇਸ ਗੁਰਪੁਰਬ ਨਾਲ ਕੋਈ ਸੰਬੰਧ ਨਹੀਂ। ਵੈਸੇ, ਲੋੜਵੰਦਾਂ ਨੂੰ ਗਰਮੀ ਦੇ ਦਿਨਾਂ ਵਿਚ ਠੰਡੇ-ਮਿੱਠੇ ਜਲ ਛਕਾਉਣ ਵਿਚ ਕੋਈ ਇਤਰਾਜ਼ ਨਹੀਂ।

............................................................................................

# ੧੫. ਪੰਜਵੇਂ ਨਾਨਕ ਦੇ ਜੀਵਨ ਦੇ ਵਿਸ਼ੇਸ ਪੱਖ
(੧੫੬੩ – ੧੬੦੬)

ਜਨਮ: ੧੫ ਅਪ੍ਰੈਲ, ੧੫੬੩ ਜਨਮ

ਸਥਾਨ: ਗੋਇੰਦਵਾਲ, ਅੰਮ੍ਰਿਤਸਰ

- ਪਿਤਾ ਜੀ – ਗੁਰੂ ਰਾਮਦਾਸ ਜੀ
- ਮਾਤਾ ਜੀ – ਮਾਤਾ ਭਾਨੀ ਜੀ
- ਗੁਰੂ ਜੀ ਦੀ ਪਤਨੀ – ਮਾਤਾ ਗੰਗਾ ਜੀ
- ਸਪੁੱਤਰ – ਹਰਿਗੋਬਿੰਦ ਜੀ

ਗੁਰਗੱਦੀ ਦੀ ਪ੍ਰਾਪਤੀ: ੧ ਸਤੰਬਰ, ੧੫੮੧; ਗੋਇੰਦਵਾਲ ਵਿਖੇ।

ਬਾਣੀ: ੩੦ ਰਾਗਾਂ ਵਿਚ ਕੁਲ ਸਬਦ ੨੨੧੮; ਸ੍ਰੀ ਰਾਗ, ਆਸਾ, ਬਸੰਤ, ਮਾਝ, ਗਜੂ ਰੀ, ਗਉੜੀ ਅਤੇ ਸੂਹੀ ਆਦਿਕ। ਗੁਰੂ ਜੀ ਦਾ ਸੰਦੇਸ਼: ੧੬੦੧ – ੧੬੦੪ ਦੌਰਾਨ ਰਾਗ ਗਉੜੀ ਵਿਚ ਸੁਖਮਨੀ ਦੇ ਪਾਠ ਵਿਚ ਆਪ ਜੀ ਸੱਚੇ ਜੀਵਨ ਦਾ ਸਾਰ ਦਰਸਾਉਂਦੇ ਹਨ; ਆਤਮਾ ਦਾ ਪ੍ਰਮਾਤਮਾ ਨਾਲ ਮੇਲ ਅਤੇ ਨਿੱਜੀ ਜੀਵਨ ਵਿਚ ਗੁਰੂ ਅਤੇ ਸੰਤ ਜਨਾਂ ਦੀ ਮਹੱਤਤਾ। ਵਿਸ਼ੇਸ਼ ਯੋਗਦਾਨ: ੧੬੦੪ ਈਸਵੀ ਵਿਚ ਗਰੰਥ ਸਾਹਿਬ ਦਾ ਸੰਕਲਨ ਕੀਤਾ ਜਿਸਨੂੰ ਸਿੱਖ ਅੱਜ ਕਲ੍ਹ ਗੁਰੂ ਗਰੰਥ ਸਾਹਿਬ ਵਜੋਂ ਸਤਿਕਾਰਦੇ ਹਨ।

- ਸਿੱਖਾਂ ਨੂੰ ਲੋਕ ਭਲਾਈ ਦੇ ਕੰਮਾਂ ਲਈ ਆਪਣੀ ਕਮਾਈ ਵਿਚੋਂ ਦਸਵਾਂ ਹਿੱਸਾ 'ਦਸਵੰਧ' ਦੇਣ ਦਾ ਹੁਕਮ ਕੀਤਾ। ਇਸ ਦਾ ਮੰਤਵ ਸਿੱਖ ਲਹਿਰ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨਾ ਸੀ।
- ਉਹ ਪਹਿਲੇ ਸ਼ਹੀਦ ਸਨ ਜਿਹਨਾਂ ਨੇ ਸਿੱਖਾਂ ਵਿਚ ਸ਼ਹੀਦੀ ਦੀ ਰਵਾਇਤ ਦੀ ਨੀਂਹ ਰਖੀ।

ਸ਼ਹਿਰ ਵਸਾਏ ਅਤੇ ਉਸਾਰੀ ਦਾ ਕੰਮ: ੧੫੮੮ ਈਸਵੀ ਵਿਚ 'ਸੰਤੋਖ ਸਰ' ਦੀ ਉਸਾਰੀ ਦਾ ਕੰਮ ਸੰਪੂਰਨ ਕੀਤਾ।

- ਹਰਿਮੰਦਰ ਸਾਹਿਬ ਦੀ ਉਸਾਰੀ ੧੫੮੮ ਵਿਚ ਸ਼ੁਰੂ ਕੀਤੀ।
- ੧੫੯੦ ਵਿਚ ਇਕ ਜਗਹ ਤੇ ਸਰੋਵਰ ਖੁਦਵਾਉਣ ਦਾ ਕੰਮ ਸ਼ੁਰੂ ਕੀਤਾ ਜਿਸਨੂੰ ਅੱਜ ਕਲ੍ਹ ਤਰਨਤਾਰਨ ਵਜੋਂ ਜਾਣਿਆ ਜਾਂਦਾ ਹੈ।
- ੧੫੯੪ ਵਿਚ ਜ਼ਿਲਾ ਜਲੰਧਰ ਵਿਚ ਕਰਤਾਰਪੁਰ ਸ਼ਹਿਰ ਵਸਾਇਆ ਅਤੇ ਬਿਆਸ ਦਰਿਆ ਦੇ ਕਿਨਾਰੇ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਸਾਇਆ।

ਗੁਰਗੱਦੀ ਦੀ ਜਾਨਸ਼ੀਨੀ: ੩੦ ਮਈ ੧੬੦੬ **(1606)** – ਲਹੌਰ, ਪਾਕਿਸਤਾਨ ਵਿੱਖੇ ਗੁਰੂ ਸਾਹਿਬ ਜੀ ਨੇ ਆਪਣੇ ਸਪੁਤੱ ਰ ਹਰਿਗੋਬਿੰਦ ਨੂੰ ਸਿੱਖਾਂ ਦੇ ਛੇਵੇਂ ਗੁਰੂ ਵਜੋਂ ਆਪਣੀ ਗੁਰਗੱਦੀ ਲਈ ਨਾਮਜ਼ਦ ਕੀਤਾ।  ਜੋਤੀ ਜੋਤ ਸਮਾਏ: ੩੦ ਮਈ ੧੬੦੬ ਲਹੌਰ, ਪਾਕਿਸਤਾਨ ਵਿਖੇ।

..........................................................................................

## ੧੬. ੧੫੬੩-੧੬੦੭ ਵਿਚਾਲੇ ਦੀਆਂ ਸੰਸਾਰ ਪੱਧਰ ਤੇ ਘਟਨਾਵਾਂ

1563 – Francisco de Lbarra explores New Mexici, USA.

1564 – Peace Treaty of Troy between and England.

1564 – William Shakespeare was born.

1568 – Alliance between England and Netherlands.

1589 – Sir Walter Raleigh established Virginia Colony, USA.

1600 – Queen Elizabeth I grants Chartet to East India Company.

1605 – Gunpowder plot to blow out England's Parliament and James I.

1607 – Captain John Smith ecplorer and founder of Jamestown, USa.

## 17. References:


- **Bed Time Stories 6, Santokh Singh Jagdev; Sikh Missionary Resource Centre, England.**
- **Stories from Sikh History 3, Kartar Singh et al; Hemkunt Press, New Delhi, India.**
- **Gur Itihas (Patshahi 2 – 9) ;**
  **Prof Sahib Singh, Singh Brothers, Amritsar.**
- **Sikh Tvareekh (part One 1469-1709);**
  **Dr Harjinder Singh Dilgir;**
  **Distributors: Singh Brothers, Amritsar.**
- **SGPC website, Ten Gurus.**
- **Google search, world events.**


………………………………………………………………………………………

………………………………………………………………………………………